# ਅਖਿਆਇ 7

# ਅਜ਼ਰਾ ਗੑੰਥੀ: ਉਸਦਾ ਸਫ਼ਰ

## (ਭਾਗ 1)

ਅਧਿਆਇ 6 ਦੀਆਂ ਅਤੇ ਅਧਿਆਇ 7 ਤੋਂ 10 ਵਿਚਲੀਆਂ ਘਟਨਾਵਾਂ ਵਿਚਕਾਰ ਲਗਭਗ ਸੱਠ ਸਾਲ ਬਿਨਾਂ ਧਿਆਨ ਦਿੱਤੇ ਲੰਘ ਗਏ।[1] ਯਕੀਨਨ ਹੀ ਯਹੂਦਾ ਵਿਚ ਵਾਪਰੀਆਂ ਇਹ ਘਟਨਾਵਾਂ ਉਨ੍ਹਾਂ ਲਈ ਭਾਵੇਂ ਮਹੱਤਵਪੂਰਣ ਸਨ ਜਿਹੜੇ ਇਨ੍ਹਾਂ ਤੋਂ ਪ੍ਰਭਾਵਿਤ ਹੋਏ ਸਨ, ਪਰ ਇਲਹਾਮ ਪ੍ਰਾਪਤ ਇਤਹਾਸਕਾਰ ਲਈ ਆਪਣੇ ਮਕਸਦਾਂ ਨੂੰ ਹਾਸਲ ਕਰਨ ਲਈ ਇਨ੍ਹਾਂ ਦਾ ਜ਼ਿਕਰ ਕਰਨਾ ਜ਼ਰੂਰੀ ਨਹੀਂ ਸੀ। ਇਸ ਕਰਕੇ ਅਜ਼ਰਾ ਨੇ ਆਪਣੀ ਕਿਤਾਬ ਦੇ ਦੂਜੇ ਭਾਗ ਦੀ ਸ਼ੁਰੂਆਤ 458 ਈ.ਪੂ. ਵਿਚ ਯਰੂਸ਼ਲਮ ਵਿਚ ਆਪਣੀ ਵਾਪਸੀ ਅਤੇ ਆਪਣੇ ਸ਼ੁਰੂ ਕੀਤੇ ਸੁਧਾਰਾਂ ਦਾ ਵਿਰਤਾਂਤ ਦਿੰਦਿਆਂ ਕੀਤੀ।

7:1–8:36 ਵਿਚ ਅਜ਼ਰਾ ਦੀ ਕਹਾਣੀ ਦੇ ਇਸ ਭਾਗ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ ਹੈ: (1) ਰਾਜੇ ਵੱਲੋਂ ਅਜ਼ਰਾ ਨੂੰ ਯਰੂਸ਼ਲਮ ਜਾਣ ਦੀ ਪ੍ਰਵਾਨਗੀ ਦਿੱਤੇ ਜਾਣ ਅਤੇ ਉਸ ਦੇ ਉੱਥੇ ਪਹੁੰਚਣ ਦਾ ਵਿਰਤਾਂਤ ਅੱਨਯ ਪੁਰਖ ਵਿਚ (7:1–10; 8:35, 36), (2) ਅਜ਼ਰਾ ਨੂੰ ਜਾਣ ਦੇਣ ਦੀ ਇਜਾਜ਼ਤ ਦੇਣ ਵਾਲੀ ਰਾਜੇ ਦੀ ਚਿੱਠੀ (7:11–26) ਅਤੇ (3) ਅਜ਼ਰਾ ਵੱਲੋਂ ਯਰੂਸ਼ਲਮ ਦੇ ਆਪਣੇ ਜਾਣ ਦਾ ਉੱਤਮ ਪੁਰਖ ਵਿਚ ਵਰਣਨ (7:27–8:34)।

### ਅਜ਼ਰਾ ਦਾ ਯਰੂਸ਼ਲਮ ਨੂੰ ਜਾਣਾ (7:1-10)

**1ਇਨਾਂ ਗੱਲਾਂ ਦੇ ਪਿੱਛੋਂ ਫ਼ਾਰਸ ਦੇ ਪਾਤਸ਼ਾਹ ਅਰਤਹਸ਼ਸ਼ਤਾ ਦੇ ਰਾਜ ਵਿੱਚ ਅਜ਼ਰਾ ਸਰਾਯਾਹ ਦਾ
ਪੁੱਤ੍ਰ, ਉਹ ਅਜ਼ਰਯਾਹ ਦਾ ਪੁੱਤ੍ਰ, ਉਹ ਹਿਲਕੀਯਾਹ ਦਾ ਪੁੱਤਰ 2ਉਹ ਸ਼ੱਲੂਮ ਦਾ ਪੁੱਤ੍ਰ, ਉਹ ਸਾਦੋਕ
ਦਾ ਪੁੱਤ੍ਰ, ਉਹ ਅਹੀਟੂਬ ਦਾ ਪੁੱਤ੍ਰ, 3ਉਹ ਅਮਰਯਾਹ ਦਾ ਪੁੱਤ੍ਰ, ਉਹ ਅਜ਼ਰਯਾਹ ਦਾ ਪੁੱਤ੍ਰ, ਉਹ
ਮਰਾਯੋਥ ਦਾ ਪੁੱਤ੍ਰ, 4ਉਹ ਜ਼ਰਹਯਾਹ ਦਾ ਪੁੱਤ੍ਰ, ਉਹ ਉੱਜ਼ੀ ਦਾ ਪੁੱਤ੍ਰ, ਉਹ ਬੁਕੀ ਦਾ ਪੁੱਤਰ 5ਉਹ
ਅਬੀਸ਼ੂਆ ਦਾ ਪੁੱਤ੍ਰ, ਉਹ ਫੀਨਹਾਸ ਦਾ ਪੁੱਤ੍ਰ, ਉਹ ਅਲਆਜ਼ਾਰ ਦਾ ਪੁੱਤ੍ਰ, ਉਹ ਹਾਰੂਨ ਪਰਧਾਨ
ਜਾਜਕ ਦਾ ਪੁੱਤਰ 6ਏਹ ਅਜ਼ਰਾ ਬਾਬਲ ਤੋਂ ਗਿਆ ਅਤੇ ਉਹ ਮੂਸਾ ਦੀ ਬਿਵਸਥਾ ਵਿੱਚ ਜੋ ਯਹੋਵਾਹ
ਇਸਰਾਏਲ ਦੇ ਪਰਮੇਸ਼ੁਰ ਨੇ ਦਿੱਤੀ ਸੀ ਬੜਾ ਗੁਣੀ ਗ੍ਰੰਥੀ ਸੀ ਅਤੇ ਯਹੋਵਾਹ ਉਹ ਦੇ ਪਰਮੇਸ਼ੁਰ ਦਾ
ਹੱਥ ਉਹ ਦੇ ਉੱਤੇ ਸੀ ਏਸ ਲਈ ਪਾਤਸ਼ਾਹ ਨੇ ਉਹ ਦੀਆਂ ਸਾਰੀਆਂ ਮੰਗਾਂ ਉਹ ਨੂੰ ਦਿੱਤੀਆਂ 7ਅਤੇ
ਇਸਰਾਏਲੀਆਂ ਤੇ ਜਾਜਕਾਂ ਤੇ ਲੇਵੀਆਂ ਤੇ ਗਵੱਯਾਂ ਤੇ ਦਰਬਾਨਾਂ ਤੇ ਨਥੀਨੀਮੀਆਂ ਵਿੱਚੋਂ ਕੁਝ ਲੋਕ
ਅਰਤਹਸ਼ਸ਼ਤਾ ਪਾਤਸ਼ਾਹ ਦੇ ਸਤਵੇਂ ਵਰਹੇ ਯਰੂਸ਼ਲਮ ਵਿੱਚ ਆਏ 8ਅਤੇ ਉਹ ਪਾਤਸ਼ਾਹ ਦੇ ਸੱਤਵੇਂ
ਵਰਹੇ ਦੇ ਪੰਜਵੇਂ ਮਹੀਨੇ ਯਰੂਸ਼ਲਮ ਵਿੱਚ ਅੱਪੜਿਆ 9ਕਿਉਂ ਜੋ ਪਹਿਲੇ ਮਹੀਨੇ ਦੇ ਪਹਿਲੇ ਦਿਨ ਤਾਂ
ਉਹ ਬਾਬਲ ਤੋਂ ਤੁਰਿਆ ਤੇ ਪੰਜਵੇਂ ਮਹੀਨੇ ਦੇ ਪਹਿਲੇ ਦਿਨ ਉਹ ਯਰੂਸ਼ਲਮ ਵਿੱਚ ਅੱਪੜ ਗਿਆ।
ਉਹ ਦੇ ਪਰਮੇਸ਼ੁਰ ਦੀ ਭਲਿਆਈ ਦਾ ਹੱਥ ਉਹ ਦੇ ਉੱਤੇ ਸੀ 10ਕਿਉਂ ਜੋ ਅਜ਼ਰਾ ਨੇ ਯਹੋਵਾਹ ਦੀ
ਬਿਵਸਥਾ ਦੀ ਖੋਜ ਕਰਨ ਤੇ ਉਹ ਦੇ ਉੱਤੇ ਚੱਲਨ ਤੇ ਇਸਰਾਏਲ ਨੂੰ ਬਿਧੀਆਂ ਤੇ ਨਿਆਵਾਂ ਦੀ
ਸਿੱਖਿਆ ਦੇਣ ਉੱਤੇ ਮਨ ਲਾਇਆ ਸੀ।**

ਅਜ਼ਰਾ ਦੀ ਲੀਡਰਸ਼ਿਪ ਦਾ ਲੇਖਾ–ਜੋਖਾ ਯਹੂਦਾ ਵਿਚ ਜਾਣ ਦੇ ਬਾਅਦ ਦੇ ਕਈ ਹੋਰ ਵੇਰਵਿਆਂ ਦੇ ਸਾਰ ਨਾਲ ਸ਼ੁਰੂ ਹੁੰਦਾ ਹੈ।

**ਆਇਤਾਂ 1-5.** ਇੱਥੇ ਵਾਪਰੀ ਕਹਾਣੀ **ਇਨ੍ਹਾਂ ਗੱਲਾਂ ਦੇ ਪਿੱਛੋਂ** ਭਾਵ ਅਜ਼ਰਾ 1–6 ਵਾਲੀਆਂ ਘਟਨਾਵਾਂ ਤੋਂ ਬਾਅਦ ਦੀ ਹੈ। ਅਸਲ ਵਿਚ ਅਜ਼ਰਾ ਦੀ ਵਾਪਸੀ ਦਾ ਸਾਲ ''ਅਰਤਹਸ਼ਸ਼ਤਾ ਪਾਤਸ਼ਾਹ ਦੇ ਸਤਵੇਂ ਵਰ੍ਹੇ'' ਸੀ (7:7), ਅਤੇ **ਅਰਤਹਸ਼ਸ਼ਤਾ** ਪਹਿਲੇ ਦੀ ਹਕੂਮਤ 465 ਤੋਂ 424 ਈ.ਪੂ. ਤਕ ਸੀ, ਇਸ ਕਰਕੇ ਇਹ 516 ਈ.ਪੂ. ਵਿਚ ਹੈਕਲ ਦੇ ਪੂਰਾ ਹੋਣ ਦੇ ਲਗਭਗ ਸੱਠ ਸਾਲਾਂ ਬਾਅਦ 458 ਈ.ਪੂ. ਦੇ ਕਰੀਬ ਦਾ ਸਾਲ ਸੀ।[2] ਪਾਠਕ ਨੂੰ ਇਹ ਦੱਸਣ ਤੋਂ ਬਾਅਦ ਕਿ ਇਹ ਘਟਨਾ ਜਿਸ ਨਾਲ ਜੋੜ ਕੇ ਕਿ ਉਹ ''ਕਦੋਂ'' ਵਾਪਰੀ ਸੀ, ਲੇਖਕ ਨੇ ਇਨ੍ਹਾਂ ਘਟਨਾਵਾਂ ਸਬੰਧੀ ਹੋਰ ਸਵਾਲਾਂ ਦੇ ਜਵਾਬ ਦੇਣੇ ਸ਼ੁਰੂ ਕਰ ਦਿੱਤੇ।

ਯਰੂਸ਼ਲਮ ਨੂੰ ਕੌਣ **ਗਿਆ**? **ਅਜ਼ਰਾ**। ਉਸ ਦੀ ਪਛਾਣ ਪਹਿਲਾਂ ਉਸ ਦੇ ਪਰਿਵਾਰਕ ਸਬੰਧਾਂ ਤੋਂ ਕਰਵਾਈ ਗਈ। ਉਸ ਦੇ ਖਾਨਦਾਨ ਦੀਆਂ ਸੋਲਾਂ ਪੀੜ੍ਹੀਆਂ ਦਾ ਵੇਰਵਾ ਦਿੱਤਾ ਗਿਆ ਹੈ। ਬਾਈਬਲ ਵਿਚ ਮਿਲਣ ਵਾਲੀਆਂ ਹੋਰ ਕੁਲਪੱਤਰੀਆਂ ਵਾਂਗ (ਜਿਵੇਂ ਮੱਤੀ 1 ਵਿਚ ਯਿਸੂ ਦੀ) ਕੁਝ ਪੀੜ੍ਹੀਆਂ ਵਿਚ ਅਜ਼ਰਾ ਦੀ ਕੁਲਪੱਤਰੀ ਦਾ ਜ਼ਿਕਰ ਨਹੀਂ ਹੈ। ਕਈ ਵਾਰ **ਦਾ ਪੁੱਤਰ** ਦਾ ਅਰਥ ''ਦੀ ਸੰਤਾਨ'' ਹੁੰਦਾ ਹੈ। ਇਹ ਸੰਭਵ ਹੈ ਕਿ ਅਜ਼ਰਾ ਦੇ ਪਿਤਾ ਦਾ ਨਾਂਅ **ਸਰਾਯਾਹ** ਸੀ, ਪਹਿਲਾ ਸ਼ਹੀਦ ਹੋਏ ਯਾਜਕ ਦੇ ਨਾਂਅ ਵਾਲਾ ਹੀ ਸੀ। ਪਰ ਬਾਬਲ ਦੇ ਲੋਕਾਂ ਵਲੋਂ ਯਰੂਸ਼ਲਮ ਦੀ ਬਰਬਾਦੀ ਵੇਲੇ ਕਤਲ ਕੀਤਾ ਗਿਆ ਪ੍ਰਧਾਨ ਯਾਜਕ ਉਸ ਦਾ ਪਿਤਾ ਨਹੀਂ ਹੋ ਸਕਦਾ (2 ਰਾਜਿਆਂ 25:18–21), ਕਿਉਂ ਜੋ ਉਹ ਘਟਨਾ ਅਜ਼ਰਾ ਦੀ ਵਾਪਸੀ ਤੋਂ ਤਕਰੀਬਨ 130 ਸਾਲ ਪਹਿਲਾਂ ਵਾਪਰੀ ਸੀ। ਜੇ ਇੱਥੇ ਓਸੇ ਸਰਾਯਾਹ ਦੀ ਗੱਲ ਹੈ ਜੋ ਕਿ ਲਗਦਾ ਹੈ ਕਿ ਹੈ (ਵੇਖੋ 1 ਇਤਹਾਸ 6:14), ਤਾਂ ਅਜ਼ਰਾ ਅਤੇ ਉਹਦੇ ਵਿਚਕਾਰ ਕਈ ਪੀੜ੍ਹੀਆਂ ਲੰਘ ਗਈਆਂ। ਹਾਰੂਨ ਤਕ ਕਈ ਸਦੀਆਂ ਪਹਿਲਾਂ ਦੇ ਵੇਰਵੇ ਲਈ ਸਿਰਫ਼ ਸੋਲਾਂ ਪੀੜ੍ਹੀਆਂ ਕਾਫ਼ੀ ਨਹੀਂ ਸਨ।[3] ਇਸ ਕਰਕੇ ਇਹ ਕੁਲਪੱਤਰੀ (ਬਾਈਬਲ ਦੀਆਂ ਹੋਰਨਾਂ ਕੁਲਪੱਤਰੀਆਂ ਵਾਂਗ) ਪੂਰੀ ਦੇਣ ਦੇ ਇਰਾਦੇ ਨਾਲ ਨਹੀਂ ਸੀ। ਇਸ ਦੇ ਉਲਟ ਇਹ ਅਜ਼ਰਾ ਦੇ ਯਾਜਕਾਈ ਦੇ ਕੰਮ ਨੂੰ ਸੀਨੈ ਪਹਾੜ ਉੱਤੇ ਠਹਿਰਾਈ ਗਈ ਹਾਰੂਨ ਦੀ ਯਾਜਕਾਈ ਦੇ ਬਰਕਰਾਰ ਰਹਿਣ ਨੂੰ ਦਰਸਾਉਣ ਦਾ ਕੰਮ ਕਰਦੀ ਹੈ। ਕੁਲਪੱਤਰੀ **ਫੀਨਹਾਸ, ਅਲਆਜ਼ਾਰ** ਅਤੇ **ਹਾਰੂਨ ਪਰਧਾਨ ਜਾਜਕ** ਨਾਲ ਖਤਮ ਹੁੰਦੀ ਹੈ।

ਇਸ ਪੱਤਰੀ ਦੀਆਂ ਦੋ ਗੱਲਾਂ ਖ਼ਾਸ ਹਨ: ਇਸ ਦੀ ਲੰਬਾਈ ਅਤੇ ਇਸ ਦੀ ਸ਼ੁਰੂਆਤ। ਆਮ ਤੌਰ ਤੇ ਕਿਸੇ ਕੁਲਪੱਤਰੀ ਦੀ ਲੰਬਾਈ ਬਾਈਬਲ ਦੀ ਕਹਾਣੀ ਵਿਚ ਉਸ ਦੇ ਮਹੱਤਵ ਨੂੰ ਦਰਸਾਉਂਦੀ ਹੈ। ਕਿਸੇ ਦੀ ਕੁਲਪੱਤਰੀ ਸੋਲਾਂ ਪੀੜ੍ਹੀਆਂ ਤਕ ਜਾਣਾ ਬੜੀ ਅਨੋਖੀ ਗੱਲ ਹੈ। ਇਸ ਤੋਂ ਇਲਾਵਾ ਇਹ ਤੱਥ ਕਿ ਅਜ਼ਰਾ ਮੂਸਾ ਦੇ ਭਰਾ ਅਤੇ ਪਹਿਲੇ ਪ੍ਰਧਾਨ ਯਾਜਕ ਹਾਰੂਨ ਦੀ ਕੁਲ ਵਿੱਚੋਂ ਸੀ, ਉਸ ਦੀ ਮਸ਼ਹੂਰੀ ਦਾ ਸੰਕੇਤ ਦਿੰਦਾ ਹੈ। ਉਸ ਦੀ ਕੁਲਪੱਤਰੀ ਤੋਂ ਇਹ ਵੀ ਸੰਕੇਤ ਮਿਲਦਾ ਹੈ ਕਿ ਉਹ ਆਪ ਯਾਜਕ ਸੀ, ਇਕ ਅਜਿਹਾ ਤੱਥ ਜਿਹੜਾ ਅੱਗੇ ਦੱਸਿਆ ਗਿਆ ਹੈ। ਉਸ ਦੇ ਹਾਰੂਨ ਨਾਲ ਸਬੰਧ ਹੋਣਾ ਉਸ ਦੀ ਜ਼ਿੰਦਗੀ ਦੀਆਂ ਘਟਨਾਵਾਂ ਨੂੰ ਮੂਸਾ ਅਤੇ ਹਾਰੂਨ ਦੇ ਸਮੇਂ ਦੀਆਂ ਘਟਨਾਵਾਂ ਨਾਲਾ ਜੋੜਦਾ ਹੈ। ਇਹ ਫੇਰ ਉਸ ਗੱਲ ਦਾ ਸੁਝਾਅ ਦਿੰਦਾ ਹੈ ਕਿ ਯਹੂਦੀਆਂ ਦੀ ਬਾਬਲ ਤੋਂ ਵਾਪਸੀ ਇਕ ਤਰ੍ਹਾਂ ਨਾਲ ਦੂਜਾ ਕੂਚ ਸੀ।

**ਆਇਤ 6. ਅਜ਼ਰਾ** ਨੂੰ **ਮੂਸਾ ਦੀ ਬਿਵਸਥਾ ਵਿੱਚ ਜੋ ਯਹੋਵਾਹ ਇਸਰਾਏਲ ਦੇ ਪਰਮੇਸ਼ੁਰ ਨੇ ਦਿੱਤੀ ਸੀ ਬੜਾ ਗੁਣੀ ਗ੍ਰੰਥੀ** ਦੱਸਿਆ ਗਿਆ ਹੈ। ਗ੍ਰੰਥੀ ਉਨ੍ਹਾਂ ਨੂੰ ਕਿਹਾ ਜਾਂਦਾ ਸੀ ਜਿਹੜੇ ਲਿਖਤਾਂ ਦੀਆਂ ਨਕਲਾਂ ਉਤਾਰਦੇ ਸਨ। ਸ਼ਰ੍ਹਾ ਨਾਲ ਆਪਣੇ ਕੰਮ ਦੇ ਰਾਹੀਂ ਗ੍ਰੰਥੀਆਂ ਦੀ ਮਸ਼ਹੂਰੀ ਉਸ ਵਿਸ਼ੇ ਦੇ ਮਾਹਰਾਂ ਦੇ ਰੂਪ ਵਿਚ ਹੋ ਜਾਂਦੀ ਸੀ ਅਤੇ ਅਖ਼ੀਰ ਉਨ੍ਹਾਂ ਨੂੰ ਉਸਤਾਦ ਜਾਂ ਟੀਚਰ ਮੰਨਿਆ ਜਾਂਦਾ

ਸੀ। ਬਾਈਬਲ ਦੱਸਦੀ ਹੈ ਕਿ ਅਜ਼ਰਾ ਨਿਰਾ ''ਗ੍ਰੰਥੀ'' ਹੀ ਨਹੀਂ ਸੀ ਬਲਕਿ ''ਵਿਵਸਥਾ ਵਿਚ ਬੜਾ ਗੁਣੀ ਗ੍ਰੰਥੀ'' ਸੀ ਜਿਹੜਾ ਖ਼ੁਦਾ ਦੀ ਸ਼ਰ੍ਹਾ ਨੂੰ ਸਮਝਣ ਅਤੇ ਸਿਖਾਉਣ ਦੀ ਆਪਣੀ ਯੋਗਤਾ ਵਿਚ ਹੋਰਨਾਂ ਗ੍ਰੰਥੀਆਂ ਨਾਲੋਂ ਸਿਰਕੱਢ ਸੀ। ਇਹ ਸਾਨੂੰ ਇਕ ਹੋਰ ਗੱਲ ਚੇਤੇ ਕਰਾਉਂਦਾ ਹੈ ਕਿ ਅਜ਼ਰਾ ਦੇ ਸਮੇਂ ਵਿਚ ਮੂਸਾ ਦੀ ਵਿਵਸਥਾ ''ਵਜੂਦ ਵਿਚ ਹੈ ਸੀ'' ਅਤੇ ਸ਼ਰ੍ਹਾ ਨੂੰ ''ਜੋ ਯਹੋਵਾਹ ਇਸਰਾਏਲ ਦੇ ਪਰਮੇਸ਼ੁਰ ਨੇ ਦਿੱਤੀ'' ਦੇ ਰੂਪ ਵਿਚ ਮੰਨਿਆ ਜਾਂਦਾ ਸੀ।

ਭਲਾ ਅਜ਼ਰਾ ਦੇ ''ਗੁਣੀ ਗ੍ਰੰਥੀ'' ਹੋਣ ਦਾ ਮਤਲਬ ਇਹ ਹੈ ਕਿ ''ਉਹ ਫ਼ਾਰਸੀ ਨੌਕਰਸ਼ਾਹੀ ਵਿਚ ਯਹੂਦੀ ਮਾਮਲਿਆਂ ਦਾ ਸਰਕਾਰੀ ਸਕੱਤਰ ਹੋਵੇਗਾ''[4]? ਹੋ ਸਕਦਾ ਹੈ, ਕਿਉਂ ਜੋ ਗ੍ਰੰਥੀ ਵੱਖੋ ਵੱਖ ਕਾਲਾਂ ਵਿਚ ਵੱਖ ਵੱਖ ਕੰਮ ਕਰਦੇ ਸਨ। ਐਡਵਿਨ ਐੱਮ. ਯਾਮੋਚੀ ਨੇ ਧਿਆਨ ਦੁਆਇਆ ਹੈ ਕਿ ਕੁਝ ਗ੍ਰੰਥੀ (ਜਿਵੇਂ ਸ਼ਾਫ਼ਾਨ) ਰਾਜਿਆਂ ਦੇ ਮੁਨੀਮਾਂ ਜਾਂ ਸਕੱਤਰਾਂ ਦਾ ਕੰਮ ਕਰਦੇ ਸਨ (2 ਰਾਜਿਆਂ 22:3), ਜਦਕਿ ਦੂਜੇ (ਜਿਵੇਂ ਯਿਰਮਿਯਾਹ ਦਾ ਲਿਖਾਰੀ ਬਾਰੂਕ) ਉਹਦੇ ਵੱਲੋਂ ਬੋਲੇ ਗਏ ਸ਼ਬਦਾਂ ਨੂੰ ਲਿਖਦਾ ਸੀ (ਯਿਰਮਿਯਾਹ 36:32)। ਅਸੀਰੀ ਦੇ ਸਮੇਂ ਤੋਂ ਬਾਅਦ ''ਗ੍ਰੰਥੀ ਉਹ ਵਿਦਵਾਨ ਹੁੰਦੇ ਸਨ ਜਿਹੜੇ ਪਵਿੱਤਰ ਲਿਖਤਾਂ ਦਾ ਅਧਿਐਨ ਕਰਦੇ ਅਤੇ ਇਨ੍ਹਾਂ ਨੂੰ ਸਿਖਾਉਂਦੇ ਸਨ।'' ਯਿਸੂ ਦੇ ਸਮੇਂ ਵਿਚ ਉਨ੍ਹਾਂ ਨੂੰ ''ਰੱਬੀ'' ਆਖਿਆ ਜਾਂਦਾ ਸੀ।[5] ਇਸ ਤੋਂ ਇਹ ਪਤਾ ਲਗਦਾ ਹੈ ਕਿ ਅਜ਼ਰਾ ਨੂੰ ਫ਼ਾਰਸੀ ਰਾਜੇ ਵੱਲੋਂ ਇੱਜ਼ਤਮਾਣ ਦਿੱਤਾ ਜਾਂਦਾ ਸੀ, ਇਸ ਕਰਕੇ ਹੋ ਸਕਦਾ ਹੈ ਕਿ ਉਸ ਨੂੰ ਰਾਜੇ ਦੇ ਦਰਬਾਰ ਵਿਚ ਸਰਕਾਰੀ ਅਹੁਦਾ ਮਿਲਿਆ ਹੋਵੇ।

ਅਜ਼ਰਾ ਬਾਬਲ ਤੋਂ ਯਹੂਦਾ ਵਿਚ ਕਿਉਂ ਗਿਆ? ਬਾਈਬਲ ਇਸ ਸਵਾਲ ਦੇ ਚਾਰ ਜਵਾਬ ਦਿੰਦੀ ਹੈ; ਪਹਿਲੇ ਤਿੰਨ ਤਾਂ ਆਇਤ 6 ਵਿਚ ਮਿਲ ਜਾਂਦੇ ਹਨ ਜਦ ਕਿ ਆਖ਼ਰੀ ਜਵਾਬ ਦਾ ਆਇਤ 10 ਤਕ ਪਤਾ ਨਹੀਂ ਲਗਦਾ। ਪਹਿਲਾ, ਉਹ **ਗਿਆ** ਕਿਉਂ ਜੋ **ਪਾਤਸ਼ਾਹ ਨੇ** ਉਹ ਨੂੰ ਅਜਿਹਾ ਕਰਨ ਦਾ ਹੱਕ ਦਿੱਤਾ। ਜੋ ਵੀ ਕਾਰਣ ਰਿਹਾ ਹੋਵੇ, ਅਜ਼ਰਾ ਰਾਜੇ ਨੂੰ ਪਸੰਦ ਸੀ, ਜਿਸ ਨੇ ਉਸ ਨੂੰ ਯਹੂਦਾ ਨੂੰ ਜਾਣ ਲਈ ਅਸੀਰਾਂ ਦੇ ਇਕ ਜੱਥੇ ਦੀ ਅਗਵਾਈ ਦੀ ਇਜਾਜ਼ਤ ਦਿੱਤੀ। ਦੂਜਾ ਅਤੇ ਸਭ ਤੋਂ ਮਹੱਤਵਪੂਰਣ ਕਾਰਣ ਇਹ ਸੀ ਕਿ ਉਹ ''ਗਿਆ'' ਕਿਉਂ ਜੋ **ਯਹੋਵਾਹ ਉਹਦੇ ਪਰਮੇਸ਼ੁਰ ਦਾ ਹੱਥ ਉਹਦੇ ਉੱਤੇ ਸੀ**। ਫ਼ੈਸਲਾ ਭਾਵੇਂ ਫ਼ਾਰਸੀ ਰਾਜੇ ਨੇ ਲਿਆ ਸੀ ਪਰ ਰਾਜੇ ਨੂੰ ਫ਼ੈਸਲਾ ਦੁਆਉਣ ਲਈ ਉਕਸਾਉਣ ਵਾਲਾ ਖ਼ੁਦਾ ਹੀ ਸੀ (ਸੰਭਵ ਤੌਰ ਤੇ ਰਾਜੇ ਦੀ ਜਾਣਕਾਰੀ ਦੇ ਬਗ਼ੈਰ)। ਜਿਸ ਕਰਕੇ ਅਜ਼ਰਾ ਦਾ ਯਹੂਦਾ ਨੂੰ ਜਾਣਾ ਖ਼ੁਦਾ ਦੀ ਇੱਛਾ ਅਤੇ ਉਸ ਦੇ ਅਧਿਕਾਰ ਦੇ ਮੁਤਾਬਕ ਸੀ। ਇਕ ਤੀਜਾ ਜਵਾਬ ਇਹ ਹੈ ਕਿ ਅਜ਼ਰਾ ਨੇ ਯਹੂਦਾ ਨੂੰ ਜਾਣ ਦੀ **ਮੰਗ** ਕੀਤੀ ਸੀ। ਰਾਜੇ ਦੀ ਉਦਾਰਤਾ, ਜੋ ਕਿ ਉਸ ਦੀ ਚਿੱਠੀ ਤੋਂ ਪਤਾ ਲਗਦੀ ਹੈ, ਅਜ਼ਰਾ ਵੱਲੋਂ ਕੀਤੀ ਗਈ ਬੇਨਤੀ ਦਾ ਜਵਾਬ ਸੀ। ਸਾਫ਼ ਹੈ ਕਿ ਅਰਤਹਸ਼ਸ਼ਤਾ ਅਜ਼ਰਾ ਦੀ ਬੜੀ ਇੱਜ਼ਤ ਕਰਦਾ ਸੀ।

**ਆਇਤ 7.** ਅਜ਼ਰਾ ਨੇ ਹੋਰ ਕੀ ਕੀਤਾ? ਅਗਲੀਆਂ ਚਾਰ ਆਇਤਾਂ ਓਸੇ ਵੇਰਵੇ ਨੂੰ ਦੱਸਦੀਆਂ ਹਨ ਜੋ ਪਹਿਲਾਂ ਕਿਹਾ ਜਾ ਚੁੱਕਿਆ ਹੈ। ਇਹ ਸੰਕੇਤ ਦੇਣ ਤੋਂ ਬਾਅਦ ਕਿ ''ਅਜ਼ਰਾ ਬਾਬਲ ਤੋਂ ਗਿਆ'' (7:6), ਲੇਖਕ ਨੇ ਅੱਗੇ ਆਖਿਆ ਕਿ ਉਹ ਆਪਣੇ ਨਾਲ ਹੋਰਨਾਂ ਨੂੰ ਵੀ ਲੈ ਗਿਆ: **ਜਾਜਕਾਂ ਤੇ ਲੇਵੀਆਂ ਤੇ ਗਵੱਯਾਂ ਤੇ ਦਰਬਾਨਾਂ ਤੇ ਨਥੀਨੀਮੀਆਂ** ਦੇ ਨਾਲ ਨਾਲ **ਇਸਰਾਏਲੀਆਂ** (ਆਮ ਲੋਕਾਂ) **ਵਿੱਚੋਂ ਕੁਝ ਲੋਕ**। ਇਨ੍ਹਾਂ ਸ਼੍ਰੇਣੀਆਂ ਦੇ ਹੋਰ ਲੋਕ ਜ਼ਰੁੱਬਾਬਲ ਨਾਲ ਵਾਪਸ ਆਏ ਸਨ (2:1–70)।

**ਆਇਤਾਂ 8, 9.** ਇਸ ਵਿਰਤਾਂਤ ਵਿਚ ਕਿਹਾ ਗਿਆ ਹੈ ਕਿ ਇਹ ਲੋਕ ਰਾਜੇ ਦੇ **ਸੱਤਵੇਂ ਵਰਹੇ ਦੇ ਪਹਿਲੇ ਮਹੀਨੇ ਦੇ ਪਹਿਲੇ ਦਿਨ** ਬਾਬਲ ਤੋਂ ਨਿੱਕਲ ਕੇ ਓਸੇ ਸਾਲ ਦੇ **ਪੰਜਵੇਂ ਮਹੀਨੇ ਦੇ ਪਹਿਲੇ ਦਿਨ ਯਰੂਸ਼ਲਮ ਵਿਚ** ਅੱਪੜੇ। ਇਸ ਕਰਕੇ ਅਜ਼ਰਾ ਦੇ ਸਾਥੀਆਂ ਦਾ ਸਫ਼ਰ ਚਾਰ ਕੁ ਮਹੀਨਿਆਂ ਦਾ ਸੀ। ਬਾਬਲ ਅਤੇ ਯਰੂਸ਼ਲਮ ਵਿਚਲਾ ਫ਼ਾਸਲਾ ਲਗਭਗ ਪੰਜ ਸੌ ਮੀਲ ਦਾ ਹੈ। ਪਰ ਅਰਬੀ ਰੇਗਿਸਤਾਨ ਨੂੰ ਪਾਰ ਕਰਨ ਦੀ ਥਾਂ ਲੋਕ ਫਰਾਤ ਦਰਿਆ ਦੇ ਨਾਲ ਨਾਲ ਉੱਤਰ ਪੱਛਮ ਵੱਲ ਦੀ ਜਾ ਕੇ ਦੱਖਣ

ਵਾਲੇ ਪਾਸੇ ਯਰੂਸ਼ਲਮ ਨੂੰ ਜਾਂਦੇ ਸਨ, ਜਿਸ ਨਾਲ ਇਹ ਫ਼ਾਸਲਾ ਨੌਂ ਕੁ ਸੌ ਮੀਲ ਦਾ ਹੋ ਜਾਂਦਾ ਸੀ (1 ਮੀਲ ਬਰਾਬਰ 1.6 ਕਿਲੋਮੀਟਰ– ਅਨੁਵਾਦਕ)। ਵਾਧੂ ਮੀਲ ਚੱਲਣ ਦੇ ਬਾਵਜੂਦ ਚਾਰ ਮਹੀਨੇ ਦਾ ਸਮਾਂ ਕਾਫ਼ੀ ਜ਼ਿਆਦਾ ਲਗਦਾ ਹੈ। ਅਜ਼ਰਾ ਦੇ ਸਾਥੀਆਂ ਦੀ ਮੱਠੀ ਚਾਲ ਦਾ ਕਾਰਣ ਦੇਰ ਨਾਲ ਸ਼ੁਰੂਆਤ ਕਰਨ ਦੇ ਨਾਲ–ਨਾਲ ਬੱਚਿਆਂ ਅਤੇ ਬਜ਼ੁਰਗਾਂ ਦਾ ਹੋਣਾ ਹੋ ਸਕਦਾ ਹੈ (8:15, 21, 31)।[6] ਬੇਸ਼ੱਕ ਇਹ ਸਫ਼ਰ ਮੁਸ਼ਕਿਲ ਅਤੇ ਖ਼ਤਰਨਾਕ ਸੀ (8:31), ਪਰ ਇਨ੍ਹਾਂ ਅਸੀਰਾਂ ਨੇ ਇਸ ਨੂੰ ਸਫ਼ਲਤਾ ਨਾਲ ਪੂਰਾ ਕਰ ਲਿਆ ਕਿਉਂ ਜੋ, ਫੇਰ ਤੋਂ **ਪਰਮੇਸ਼ੁਰ ਦੀ ਭਲਿਆਈ ਦਾ ਹੱਥ** ਅਜ਼ਰਾ ਉੱਤੇ ਸੀ।

**ਆਇਤ 10.** ਅਜ਼ਰਾ ਦੀ ਲੀਡਰਸ਼ਿਪ ਦਾ ਸਰਵੇਖਣ ''ਅਜ਼ਰਾ ਯਹੂਦਾ ਵਿਚ ਕਿਉਂ ਗਿਆ?'' ਦੇ ਸਵਾਲ ਦੇ ਚੌਥੇ ਜਵਾਬ ਨਾਲ ਖ਼ਤਮ ਹੁੰਦਾ ਹੈ। **ਅਜ਼ਰਾ** ਯਰੂਸ਼ਲਮ ਨੂੰ ਗਿਆ ਕਿਉਂ ਜੋ ਉਸ ਨੇ **ਯਹੋਵਾਹ ਦੀ ਵਿਵਸਥਾ ਦੀ ਖੋਜ ਕਰਨ** [*darash*, *ਦਾਰਾਸ਼*; ਮੂਲ ਵਿਚ, ''ਤਲਾਸ਼''], **ਉਹਦੇ ਉੱਤੇ ਚੱਲਣ, ਇਸਰਾਏਲ ਨੂੰ ਬਿਧੀਆਂ ਅਤੇ ਨਿਆਵਾਂ ਦੀ ਸਿੱਖਿਆ ਦੇਣ ਉੱਤੇ ਮਨ ਲਾਇਆ** ਭਾਵ ਧਿਆਇਆ ਸੀ। ਅਜ਼ਰਾ ਆਦਰਸ਼ ਯਾਜਕ ਅਤੇ ਗ੍ਰੰਥੀ ਸੀ।[7] ਉਸ ਦਾ ਟੀਚਾ ਸਿਰਫ਼ ਖ਼ੁਦਾ ਦੀ ਸ਼ਰ੍ਹਾ ਨੂੰ ਜਾਣਨਾ ਹੀ ਨਹੀਂ ਬਲਕਿ ਇਸ ਨੂੰ ਮੰਨਣਾ ਅਤੇ ਦੂਜਿਆਂ ਨੂੰ ਮੰਨਣਾ ਸਿਖਾਉਣਾ ਵੀ ਸੀ। ਦਿਮਾਗ ਵਿਚ ਇਨ੍ਹਾਂ ਉਦੇਸ਼ਾਂ ਨੂੰ ਲੈ ਕੇ ਉਸ ਨੇ ਰਾਜੇ ਤੋਂ ਇਜਾਜ਼ਤ ਮੰਗੀ। ਇਜਾਜ਼ਤ ਲੈ ਕੇ ਉਹਨੇ ਯਰੂਸ਼ਲਮ ਦਾ ਲੰਮਾ ਪੈਂਡਾ ਕੀਤਾ।

## ਅਰਤਹਸ਼ਸ਼ਤਾ ਦਾ ਅਜ਼ਰਾ ਨੂੰ ਹੁਕਮ (7:11-26)

7:11–26 ਵਿਚ ਅਰਾਮੀ ਦਸਤਾਵੇਜ਼ ਦੀ ਇਕ ਨਕਲ ਮਿਲਦੀ ਹੈ, ਜਿਸ ਨਾਲ ਅਜ਼ਰਾ ਨੂੰ ਆਪਣੇ ਮਿਸ਼ਨ ਤੇ ਲੱਗਣ ਦੀ ਇਜਾਜ਼ਤ ਮਿਲੀ।

### ਜਾਣ ਦੀ ਇਜਾਜ਼ਤ (7:11-13)

**[11]ਜੋ ਚਿੱਠੀ ਅਰਤਹਸ਼ਸ਼ਤਾ ਪਾਤਸ਼ਾਹ ਨੇ ਅਜ਼ਰਾ ਜਾਜਕ ਤੇ ਗ੍ਰੰਥੀ ਨੂੰ ਦਿੱਤੀ - ਅਜ਼ਰਾ ਜੋ ਯਹੋਵਾਹ ਦੀਆਂ ਆਗਿਆ ਦੇ ਬਚਨਾਂ ਦਾ ਅਰ ਇਸਰਾਏਲ ਦੇ ਲਈ ਬਿਧੀਆਂ ਦਾ ਗ੍ਰੰਥੀ ਸੀ - ਉਹ ਦੀ ਨਕਲ ਇਹ ਹੈ [12]ਅਰਤਹਸ਼ਸ਼ਤਾ ਰਾਜਿਆਂ ਦੇ ਮਹਾਰਾਜਾ ਵੱਲੋਂ ਅਜ਼ਰਾ ਜਾਜਕ ਨੂੰ ਜੋ ਸੁਰਗੀ ਪਰਮੇਸ਼ੁਰ ਦੀ ਬਿਵਸਥਾ ਦਾ ਪੂਰਾ ਗ੍ਰੰਥੀ ਹੈ, ਵਗੈਰਾ [13]ਮੈਂ ਇਹ ਆਗਿਆ ਦਿੰਦਾ ਹਾਂ ਭਈ ਇਸਰਾਏਲ ਦੇ ਜੋ ਲੋਕ ਤੇ ਉਨ੍ਹਾਂ ਦੇ ਜਾਜਕ ਤੇ ਲੇਵੀ ਮੇਰੇ ਰਾਜ ਵਿੱਚ ਹਨ ਉਨ੍ਹਾਂ ਵਿੱਚੋਂ ਜਿੰਨੇ ਆਪਣੀ ਇੱਛਿਆ ਨਾਲ ਯਰੂਸ਼ਲਮ ਨੂੰ ਜਾਣਾ ਚਾਹੁੰਦੇ ਹਨ ਓਹ ਤੇਰੇ ਨਾਲ ਜਾਣ।**

**ਆਇਤ 11.** ਇਹ ਆਇਤ ਜਿਹੜੀ ਇਬਰਾਨੀ ਵਿਚ ਲਿਖੀ ਗਈ ਹੈ, ਅਰਤਹਸ਼ਸ਼ਤਾ ਦੀ ਚਿੱਠੀ ਬਾਰੇ ਦੱਸਦੀ ਹੈ, ਜਿਹੜੀ ਅਰਾਮੀ ਵਿਚ ਲਿਖੀ ਗਈ ਸੀ (4:8–6:18 ਵਿਚਲੇ ਹੋਰਨਾਂ ਸਰਕਾਰੀ ਦਸਤਾਵੇਜ਼ਾਂ ਵਾਂਗ)। **ਅਜ਼ਰਾ** ਨੂੰ ਫੇਰ **ਜਾਜਕ** ਅਤੇ **ਗ੍ਰੰਥੀ** ਦੱਸਿਆ ਗਿਆ ਹੈ ਜਿਹੜਾ **ਯਹੋਵਾਹ ਦੀਆਂ ਆਗਿਆ ਦੇ ਬਚਨਾਂ ਦਾ ਅਰ ਇਸਰਾਏਲ ਦੇ ਲਈ ਬਿਧੀਆਂ ਦਾ ਗ੍ਰੰਥੀ** ''ਗ੍ਰੰਥੀ'' ਕਿਰਿਆ ਸ਼ਬਦ *sapar* (*ਸਾਪਾਰ*) ਦੇ ਕ੍ਰਿਦੰਤ ਰੂਪ ਦਾ ਅਨੁਵਾਦ ਹੈ; ਹੋਰਨਾਂ ਸੰਸਕਰਣਾਂ ਵਿਚ ਇਸ ਨੂੰ ਇੱਥੇ ''ਸਿੱਖਿਆ ਹੋਇਆ,'' ''ਮਾਹਿਰ'' (NKJV) ਜਾਂ ''ਵਿਦਵਾਨ'' (NRSV) ਹੋਇਆ ਹੈ। *ਸਾਪਾਰ* ਦਾ ਸਬੰਧ ਨਾਉਂ ਸ਼ਬਦ *ਸੋਪੇਰ* (*soper*) ਨਾਲ ਹੈ ਜਿਹੜਾ ਆਇਤ 11 ਵਿਚ ਵੀ ਮਿਲਦਾ ਹੈ ਅਤੇ ਇਸ ਦਾ ਅਰਥ ''ਗ੍ਰੰਥੀ'' ਹੈ।

**ਆਇਤ 12.** ਚਿੱਠੀ **ਰਾਜਿਆਂ ਦੇ ਮਹਾਰਾਜਾ** ਜਾਂ ''ਪਾਤਸ਼ਾਹਾਂ ਦੇ ਪਾਤਸ਼ਾਹਾਂ' ਵੱਲੋਂ ਆਈ ਸੀ (ਵੇਖੋ ਹਿਜ਼ਕੀਏਲ 26:7; ਬਿਵਸਥਾ ਸਾਰ 2:37)। ਇਹ **ਅਜ਼ਰਾ** ਦੇ ਨਾਂਅ ਸੀ ਜਿਸ ਨੂੰ ਫੇਰ **ਜਾਜਕ** ਅਤੇ **ਸੁਰਗੀ ਪਰਮੇਸ਼ੁਰ ਦੀ ਵਿਵਸਥਾ ਦਾ ਪੂਰਾ ਗ੍ਰੰਥੀ** ਦੱਸਿਆ ਗਿਆ ਹੈ। ਜਾਣ-ਪਛਾਣ ਸਾਫ਼-ਸਾਫ਼ ਸਲਾਮ ਦੁਆ **ਵਗੈਰਾ** ਦੇ ਬਾਅਦ ਨਾਲ ਖ਼ਤਮ ਹੁੰਦੀ ਹੈ। ਇਸ ਉੱਤੇ ਕੁਝ ਸਵਾਲ ਹਨ ਕਿ ਸਲਾਮ ਦੁਆ ਦੇ ਆਖ਼ਰੀ ਸ਼ਬਦ ਦਾ ਅਨੁਵਾਦ ਕਿਵੇਂ ਹੋਵੇ। NASB ਵਿਚ ਭਾਵੇਂ ''ਪੂਰੀ ਸ਼ਾਂਤੀ'' ਹੈ ਪਰ ''ਸ਼ਾਂਤੀ'' ਤਿਰਛੇ ਕੀਤੇ ਗਏ ਸ਼ਬਦਾਂ ਵਿਚ ਹੈ ਜੋ ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਇਹ ਮੂਲ ਲਿਖਤ ਵਿਚ ਨਹੀਂ ਸੀ ਬਲਕਿ ਅਨੁਵਾਦਕਾਂ ਵੱਲੋਂ ਵਾਕ ਅੰਸ਼ ਦਾ ਅਰਥ ਪੂਰਾ ਕਰਨ ਲਈ ਬਾਅਦ ਵਿਚ ਜੋੜਿਆ ਗਿਆ। ਸਾਫ਼ ਹੈ ਕਿ ਸਲਾਮ ਦੁਆ ਦਾ ''ਸਲਾਮਤੀ'' ਸ਼ਬਦ ਗ੍ਰੰਥੀ ਜਾਂ ਲੇਖਕ ਵੱਲੋਂ ਗਲਤੀ ਨਾਲ ਮਿਟਾ ਦਿੱਤਾ ਗਿਆ ਹੋਵੇਗਾ ਅਤੇ ਇਸ ਨੂੰ 5:7 ਨਾਲ ਮੇਲ ਖਾਂਦੇ ਹੋਏ (''ਹਰ ਤਰ੍ਹਾਂ ਸਲਾਮਤੀ ਹੋਵੇ'') ਜੋੜਿਆ ਜਾਣਾ ਚਾਹੀਦਾ ਹੈ।[8]

**ਆਇਤ 13. ਇਸਰਾਏਲ ਦੇ ਜੋ ਲੋਕ** ਅਜ਼ਰਾ ਨਾਲ **ਯਰੂਸ਼ਲਮ** ਨੂੰ ਜਾਣਾ ਚੁਣਦੇ ਉਹ ਜਾ ਸਕਦੇ ਸਨ। ਕਿਤਾਬ ਵਿਚ ਪਹਿਲਾਂ ਹੀ ਕਿਹਾ ਗਿਆ ਹੈ ਕਿ ਅਜ਼ਰਾ ਦੇ ਨਾਲ ਕੁਝ ਲੋਕ ਉਹਦੇ ਸਫ਼ਰ ਵਿਚ ਉਸ ਦੇ ਸਾਥੀ ਸਨ ਅਤੇ ਬਾਅਦ ਵਿਚ ਦੱਸਿਆ ਗਿਆ ਹੈ ਕਿ ਉਨ੍ਹਾਂ ਵਿਚ ਹੋਰ ਕੌਣ-ਕੌਣ ਰਲ਼ਿਆ।

### ਅਜ਼ਰਾ ਦਾ ਮਿਸ਼ਨ (7:14-20)

**14ਤੂੰ ਪਾਤਸ਼ਾਹ ਤੇ ਉਹ ਦੇ ਸੱਤਾਂ ਮੰਤਰੀਆਂ ਵੱਲੋਂ ਘੱਲਿਆ ਜਾਂਦਾ ਹੈਂ ਤਾਂ ਜੋ ਆਪਣੇ ਪਰਮੇਸ਼ੁਰ ਦੀ ਬਿਵਸਥਾ ਅਨੁਸਾਰ ਜੋ ਤੇਰੇ ਹੱਥ ਵਿੱਚ ਹੈ ਯਹੂਦਾਹ ਤੇ ਯਰੂਸ਼ਲਮ ਦੇ ਵਿਖੇ ਪੁੱਛ ਗਿੱਛ ਕਰੇ 15ਅਤੇ ਜੋ ਚਾਂਦੀ ਤੇ ਸੋਨਾ ਪਾਤਸ਼ਾਹ ਅਰ ਉਹ ਦੇ ਮੰਤਰੀਆਂ ਨੇ ਇਸਰਾਏਲ ਦੇ ਪਰਮੇਸ਼ੁਰ ਨੂੰ ਜਿਹ ਦਾ ਭਵਨ ਯਰੂਸ਼ਲਮ ਵਿੱਚ ਹੈ ਆਪਣੀ ਖੁਸ਼ੀ ਨਾਲ ਭੇਟ ਕੀਤਾ ਹੈ ਲੈ ਜਾਵੇਂ 16ਨਾਲੇ ਜਿੰਨਾ ਚਾਂਦੀ ਸੋਨਾ ਬਾਬਲ ਦੇ ਸਾਰੇ ਸੂਬਿਆਂ ਵਿੱਚੋਂ ਤੈਨੂੰ ਮਿਲੇਗਾ ਅਰ ਜੋ ਖੁਸ਼ੀ ਦੀ ਭੇਟ ਲੋਕ ਤੇ ਜਾਜਕ ਆਪਣੇ ਪਰਮੇਸ਼ੁਰ ਦੇ ਭਵਨ ਜੋ ਯਰੂਸ਼ਲਮ ਵਿੱਚ ਹੈ ਮਨੋਂ ਲਾ ਕੇ ਦੇਣ 17ਸੋ ਉਸ ਪੈਸੇ ਨਾਲ ਤੂੰ ਬੜਾ ਉੱਦਮ ਕਰਕੇ ਵਹਿੜੇ ਤੇ ਛੱਤ੍ਰੇ ਤੇ ਲੇਲੇ ਉਨ੍ਹਾਂ ਦੀਆਂ ਮੈਦੇ ਦੀਆਂ ਭੇਟਾਂ ਤੇ ਪੀਣ ਦੀਆਂ ਭੇਟਾਂ ਸਣੇ ਮੁੱਲ ਲਈਂ ਤੇ ਉਨ੍ਹਾਂ ਨੂੰ ਆਪਣੇ ਪਰਮੇਸ਼ੁਰ ਦੀ ਜਗਵੇਦੀ ਉੱਤੇ ਜੋ ਯਰੂਸ਼ਲਮ ਵਿੱਚ ਹੈ ਚੜ੍ਹਾਵੀਂ 18ਅਤੇ ਬਚੇ ਖੁਚੇ ਚਾਂਦੀ ਸੋਨੇ ਨਾਲ ਜੋ ਕੁਝ ਤੈਨੂੰ ਤੇ ਤੇਰੇ ਭਰਾਵਾਂ ਨੂੰ ਚੰਗਾ ਲੱਗੇ ਆਪਣੇ ਪਰਮੇਸ਼ੁਰ ਦੀ ਮਰਜ਼ੀ ਅਨੁਸਾਰ ਕਰਿਓ 19ਅਤੇ ਜਿਹੜੇ ਭਾਂਡੇ ਤੈਨੂੰ ਤੇਰੇ ਪਰਮੇਸ਼ੁਰ ਦੇ ਭਵਨ ਦੀ ਉਪਾਸਨਾ ਦੇ ਲਈ ਸੌਂਪੇ ਜਾਂਦੇ ਹਨ ਉਨ੍ਹਾਂ ਨੂੰ ਯਰੂਸ਼ਲਮ ਦੇ ਪਰਮੇਸ਼ੁਰ ਦੇ ਸਨਮੁਖ ਦੇ ਦੇਵੀਂ 20ਅਤੇ ਜੋ ਕੁਝ ਹੋਰ ਤੇਰੇ ਪਰਮੇਸ਼ੁਰ ਦੇ ਭਵਨ ਦੇ ਲਈ ਲੋੜੀਂਦਾ ਹੋਵੇ ਜੋ ਤੈਨੂੰ ਦੇਣਾ ਪਵੇ ਤਾਂ ਉਹ ਸ਼ਾਹੀ ਖ਼ਜਾਨੇ ਵਿੱਚੋਂ ਦੇਵੀਂ।**

**ਆਇਤ 14.** ਅਜ਼ਰਾ ਨੂੰ **ਪਾਤਸ਼ਾਹ** ਦੇ ਨਾਲ ਨਾਲ **ਉਹ ਦੇ ਸੱਤਾਂ ਮੰਤਰੀਆਂ ਵੱਲੋਂ ਘੱਲਿਆ** ਗਿਆ ਸੀ। ਇਹ ਲੋਕ ਸਾਫ਼ ਤੌਰ ਤੇ ਰਾਜੇ ਦੇ ਸਭ ਤੋਂ ਵੱਧ ਭਰੋਸੇਯੋਗ ਸਲਾਹਕਾਰ ਸਨ (ਵੇਖੋ ਅਸਤਰ 1:13, 14)। ਉਹ ਅੱਜ ਦੇ ਅਮਰੀਕੀ ਰਾਸ਼ਟਰਪਤੀ ਦੇ ਕੈਬਨਿਟ ਵਾਲੀ ਹੈਸਿਅਤ ਵਿਚ ਹੋਣਗੇ।

ਜਾਣ ਦਾ ਅਜ਼ਰਾ ਦਾ ਪਹਿਲਾ ਮਕਸਦ **ਆਪਣੇ ਪਰਮੇਸ਼ੁਰ ਦੀ ਬਿਵਸਥਾ ਅਨੁਸਾਰ ਜੋ** *[ਉਸ ਦੇ]* **ਹੱਥ ਵਿੱਚ** *[ਸੀ]* **ਯਹੂਦਾਹ ਤੇ ਯਰੂਸ਼ਲਮ ਦੇ ਵਿਖੇ ਪੁੱਛ ਗਿੱਛ** ਕਰਨਾ ਸੀ। ''ਪਰਮੇਸ਼ੁਰ ਦੀ ਵਿਵਸਥਾ'' ਉਸ ਦੇ ''ਹੱਥ ਵਿਚ'' ਸੀ, ਇਹਦਾ ਮਤਲਬ ਇਹ ਹੋਇਆ ਕਿ ਇਸ ਨੂੰ ਪਹਿਲਾਂ ਹੀ ਪੱਤਰੀਆਂ ਵਿਚ ਲਿਖਿਆ ਹੋਇਆ ਸੀ। ਆਇਤ 25 ਵਿਚ ਇੱਥੇ ''ਵਿਵਸਥਾ'' ਨੂੰ ''ਆਪਣੇ ਪਰਮੇਸ਼ੁਰ ਦੇ ਉਸ ਗਿਆਨ ਦੇ ਅਨੁਸਾਰ ਜੋ ਤੇਰੇ ਹੱਥ ਵਿਚ ਹੈ'' ਕਿਹਾ ਗਿਆ ਹੈ; ਇਸ ਕਰਕੇ ਵਿਵਸਥਾ ਵਿਚ

ਪਰਮੇਸ਼ੁਰ ਦਾ ਗਿਆਨ ਹੈ ਅਤੇ ਇਹ ਉਸ ਦੇ ਬਰਾਬਰ ਹੈ। ਅਜ਼ਰਾ ਨੇ ਇਸ ''ਵਿਵਸਥਾ'' ਦੇ ਬਾਰੇ ''ਪੁੱਛ–ਗਿੱਛ'' ਕਰਨੀ ਸੀ, ਸਾਫ਼ ਹੈ ਕਿ ਇਹ ਪਤਾ ਲਾਉਣ ਲਈ ਕਿ ਸ਼ਰ੍ਹਾ ਨੂੰ ਮੰਨਿਆ ਜਾ ਰਿਹਾ ਸੀ ਜਾਂ ਨਹੀਂ, ਅਤੇ ਫਿਰ ਉਸ ਨੇ ਇਸ ਨੂੰ ਮਨਵਾਉਣਾ ਸੀ। (ਜਿਵੇਂ ਚਿੱਠੀ ਵਿੱਚ ਅੱਗੇ ਆਇਤ 26 ਵਿਚ ਦੱਸਿਆ ਗਿਆ ਹੈ)।

**ਆਇਤਾਂ 15-20.** ਅਜ਼ਰਾ ਦੀ ਦੂਜੀ ਜ਼ਿੰਮੇਵਾਰੀ ਵਿੱਤ ਨਾਲ ਜੁੜੀ ਸੀ। ਇਸ ਕੰਮ ਵਿਚ ਇਹ ਸਭ ਸ਼ਾਮਿਲ ਸੀ:

1. ਬਾਬਲ ਤੋਂ ਯਰੂਸ਼ਲਮ ਵਿਚ ਹੈਕਲ ਅਤੇ ਇਸ ਦੀਆਂ ਸੇਵਾਵਾਂ ਲਈ ਭੇਟਾਂ ਲਿਜਾਣਾ। ਭੇਟਾਂ ਵਿਚ **ਪਾਤਸ਼ਾਹ ਅਰ ਉਹ ਦੇ ਮੰਤਰੀਆਂ** ਵੱਲੋਂ ਦਾਨ ਕੀਤਾ **ਚਾਂਦੀ ਤੇ ਸੋਨਾ** (7:15), **ਬਾਬਲ ਦੇ ਸਾਰੇ ਸੂਬੇ ਵਿੱਚੋਂ ਚਾਂਦੀ ਤੇ ਸੋਨਾ** ਅਤੇ **ਬਾਬਲ ਦੇ ਲੋਕ**ਾਂ ਅਤੇ **ਜਾਜਕ**ਾਂ ਵੱਲੋਂ ਮਿਲੀ **ਖੁਸ਼ੀ ਦੀ ਭੇਟ** (7:16) ਸੀ। ਸਾਫ਼ ਹੈ ਕਿ ਦਾਨ ਰਾਜੇ ਵੱਲੋਂ ਸ਼ਾਹੀ ਖ਼ਜ਼ਾਨੇ ਵਿੱਚੋਂ ਬਾਬਲ ਦੇ ਲੋਕਾਂ ਅਤੇ ਉਨ੍ਹਾਂ ਯਹੂਦੀਆਂ ਵੱਲੋਂ ਦਿੱਤੇ ਗਏ ਸਨ ਜਿਹੜੇ ਬਾਬਲ ਵਿਚ ਰਹਿ ਗਏ ਸਨ। ਉਨ੍ਹਾਂ ਦਾਨਾਂ ਦੀ ਵਰਤੋਂ ਸਭ ਤੋਂ ਪਹਿਲਾਂ **ਪਰਮੇਸ਼ੁਰ ਦੀ ਜਗਵੇਦੀ ਉੱਤੇ ਜੋ ਯਰੂਸ਼ਲਮ ਵਿਚ ਹੈ** (ਹੈਕਲ) ਉੱਤੇ ਚੜ੍ਹਾਉਣ ਲਈ ਜਾਨਵਰਾਂ, **ਮੈਦੇ** ਅਤੇ ਦਾਖਰਸ **ਮੁੱਲ** ਲੈਣਾ ਸੀ (7:17)। ਬਚੇ ਹੋਏ ਪੈਸੇ ਅਜ਼ਰਾ ਦੀ ਮਰਜ਼ੀ ਨਾਲ ਖਰਚੇ ਜਾ ਸਕਦੇ ਸਨ, ਭਾਵੇਂ ਇਹ **ਪਰਮੇਸ਼ੁਰ ਦੀ ਮਰਜ਼ੀ ਅਨੁਸਾਰ** ਹੀ ਵਰਤੇ ਜਾਣੇ ਸਨ (7:18)।

2. **ਦੇ ਸਨਮੁੱਖ ਦੇ** ਦੇਣ ਵਾਲੀਆਂ ਚੀਜ਼ਾਂ ਹੈਕਲ ਵਿਚ ਰੱਖੀਆਂ ਜਾਣੀਆਂ ਸਨ। ਅਜ਼ਰਾ ਨੇ ਆਪਣੇ ਨਾਲ ਉਹ **ਭਾਂਡੇ** ਲੈ ਜਾਣੇ ਸਨ ਜਿਹੜੇ ਉਸ ਨੂੰ **ਪਰਮੇਸ਼ੁਰ ਦੇ ਭਵਨ ਦੀ ਉਪਾਸਨਾ ਲਈ ਸੌਂਪੇ ਜਾਣੇ** ਸਨ (7:19)। ਇਹ ਸੰਭਵ ਤੌਰ ਤੇ ਨਬੂਕਦਨੱਸਰ ਵੱਲੋਂ ਹੈਕਲ ਨੂੰ ਉਜਾੜਨ ਵੇਲੇ ਉਸ ਵਿੱਚੋਂ ਲਿਆਂਦੇ ਗਏ ਭਾਂਡੇ ਨਹੀਂ ਸਨ ਕਿਉਂ ਜੋ ਉਹ ਪਹਿਲਾਂ ਹੀ ਮੋੜ ਦਿੱਤੇ ਗਏ ਸਨ (1:7–11)। ਜ਼ਾਹਿਰ ਤੌਰ ਤੇ ਇਸ ਮੌਕੇ ਤੇ ਦਾਨ ਵਾਧੂ ਦਿੱਤੇ ਗਏ ਸਨ।

3. ਇਹ ਵੇਖਣਾ ਕਿ ਹੈਕਲ ਲਈ **ਜੋ ਕੁਝ ਹੋਰ** ਚਾਹੀਦਾ ਸੀ ਉਹ ਦਿੱਤਾ ਜਾਵੇ। ਅਜ਼ਰਾ ਵੱਲੋਂ ਆਪਣੇ ਨਾਲ ਲਿਆਂਦੇ ਦਾਨਾਂ ਨਾਲ ਰਹਿ ਗਈਆਂ ਚੀਜ਼ਾਂ **ਸ਼ਾਹੀ ਖ਼ਜ਼ਾਨੇ ਵਿੱਚੋਂ ਦਿੱਤੀਆਂ ਜਾਣੀਆਂ ਸਨ** (7:20)।

### ਮਿਸ਼ਨ ਦਾ ਖ਼ਰਚਾ ਦੇਣਾ (7:21-24)

**[21]ਅਤੇ ਮੈਂ ਅਰਤਹਸ਼ਸ਼ਤਾ ਪਾਤਸ਼ਾਹ ਆਪੇ ਦਰਿਆਉਂ ਪਾਰ ਦਿਆਂ ਸਾਰਿਆਂ ਖ਼ਜ਼ਾਨਚੀਆਂ ਨੂੰ ਆਗਿਆ ਦਿੰਦਾ ਹਾਂ ਕਿ ਜੋ ਕੁਝ ਅਜ਼ਰਾ ਜਾਜਕ ਸੁਰਗੀ ਪਰਮੇਸ਼ੁਰ ਦੀ ਬਿਵਸਥਾ ਦਾ ਗ੍ਰੰਥੀ ਤੁਹਾਥੋਂ ਚਾਹੇ ਉਹ ਝਟ ਕੀਤਾ ਜਾਵੇ [22]ਚਾਂਦੀ ਦੇ ਡੂਢ ਸੌ ਮਣ ਤਾਈਂ ਅਤੇ ਕਣਕ ਦੇ ਸਾਢੇ ਸੱਤ ਸੌ ਮਣ ਤਾਈਂ ਅਤੇ ਮੈ ਦੇ ਪੰਝੱਤਰ ਮਣ ਤਾਈਂ ਅਤੇ ਤੇਲ ਦੇ ਪੰਝੱਤਰ ਮਣ ਤਾਈਂ ਅਤੇ ਲੂਣ ਬੇਅੰਤ [23]ਜੋ ਕੁਝ ਸੁਰਗੀ ਪਰਮੇਸ਼ੁਰ ਨੇ ਆਗਿਆ ਦਿੱਤੀ ਹੈ ਠੀਕ ਓਵੇਂ ਹੀ ਸੁਰਗੀ ਪਰਮੇਸ਼ੁਰ ਦੇ ਭਵਨ ਦੇ ਲਈ ਕੀਤਾ ਜਾਵੇ ਕਿਉਂ ਜੋ ਪਾਤਸ਼ਾਹ ਤੇ ਰਾਜਕੁਮਾਰਾਂ ਦੇ ਰਾਜ ਦੇ ਵਿਰੁੱਧ ਕ੍ਰੋਧ ਕਿਉਂ ਹੋਵੇ? [24]ਅਤੇ ਅਸੀਂ ਤੁਹਾਨੂੰ ਚਿਤਾਰਦੇ ਹਾਂ ਭਈ ਜਾਜਕਾਂ ਤੇ ਲੇਵੀਆਂ ਤੇ ਗਵੱਯਾਂ ਤੇ ਦਰਬਾਨਾਂ ਤੇ ਨਥੀਨੀਮਾਂ ਤੇ ਪਰਮੇਸ਼ੁਰ ਦੇ ਇਸ ਭਵਨ ਦਿਆਂ ਟਹਿਲੂਆਂ ਵਿੱਚੋਂ ਕਿਸੇ ਉੱਤੇ ਕਰ, ਚੁੰਗੀ ਯਾ ਮਾਮਲਾ ਲਾਉਣਾ ਉੱਚਿਤ ਨਾ ਹੋਊਗਾ।**

**ਆਇਤਾਂ 21-24.** ਰਾਜੇ ਵੱਲੋਂ ਨਿਰਦੇਸ਼ ਉਸ ਸੂਬੇ ਦੇ ਜਿਸ ਨੂੰ **ਦਰਿਆਉਂ ਪਾਰ** ਕਿਹਾ ਗਿਆ ਹੈ **ਸਾਰਿਆਂ ਖ਼ਜ਼ਾਨਚੀਆਂ** ਲਈ ਸਨ (7:21)। (1) ਉਨ੍ਹਾਂ ਨੇ ਅਜ਼ਰਾ ਦੇ ਆਪਣੇ ਮਿਸ਼ਨ ਨੂੰ ਪੂਰਾ ਕਰਨ ਲਈ ਜੋ ਕੁਝ ਚਾਹੀਦਾ ਸੀ ਉਹ ਮੁਹੱਈਆ ਕਰਵਾਉਣਾ ਸੀ, **ਚਾਂਦੀ ਦੇ ਡੂਢ ਸੌ ਮਣ ਤਾਈਂ**

**ਅਤੇ ਕਣਕ ਦੇ ਸਾਢੇ ਸੱਤ ਸੌ ਮਣ ਤਾਈਂ ਅਤੇ ਮੈ ਦੇ ਪੰਝੱਤਰ ਮਣ ਤਾਈਂ ਅਤੇ ਤੇਲ ਦੇ ਪੰਝੱਤਰ ਮਣ ਤਾਈਂ ਅਤੇ ਲੂਣ ਬੇਅੰਤ** ਚਾਹੀਦਾ ਸੀ (7:22)। ਅਜੋਕੇ ਮਾਨਦੰਡਾਂ ਮੁਤਾਬਕ ਚਾਂਦੀ $3^3/_4$ ਟਨ ਮੰਨੀ ਗਈ ਹੈ, ਜੋ ਬਹੁਤ ਵੱਡੀ ਮਾਤਰਾ ਹੈ, ਕਣਕ 650 ਬੁਸ਼ਲ (ਇਕ ਬੁਸ਼ਲ = ਅੱਠ ਗੈਲਨ ਅਤੇ ਇਕ ਗੈਲਨ = 3.78 ਲੀਟਰ), ਮੈ 600 ਗੈਲਨ ਅਤੇ ਤੇਲ 600 ਗੈਲਨ। ਗੀਥ ਐੱਮ. ਸ਼ੋਵਿੱਲ ਦੇ ਮੁਤਾਬਕ, ''ਇਹ ਮਾਤਰਾ ਹੈਕਲ ਲਈ ਦੋ ਸਾਲਾਂ ਵਾਸਤੇ ਹੋਣੀ ਸੀ।''[9] ਮੈ ਦੀ ਵਰਤੋਂ ਪੀਣ ਦੀਆਂ ਭੇਟਾਂ ਲਈ ਅਤੇ ਤੇਲ ਦੀ ਵਰਤੋਂ ਮੈਦੇ ਦੀਆਂ ਭੇਟਾਂ ਵਿਚ ਰਲਾਉਣ ਲਈ ਹੋਣੀ ਸੀ (ਕੂਚ 29:40)। ਲੂਣ ਵੀ ਮੈਦੇ ਦੀਆਂ ਭੇਟਾਂ ਨਾਲ ਵਰਤਿਆ ਜਾਣਾ ਸੀ (ਲੇਵੀਆਂ 2:13)। ਇਨ੍ਹਾਂ ਚੀਜ਼ਾਂ ਦੀ ਸੂਚੀ ਇਹ ਸੰਕੇਤ ਦਿੰਦੀ ਹੈ ਕਿ ਅਜ਼ਰਾ ਨੂੰ ਆਪਣੇ ਕੰਮ ਨੂੰ ਪੂਰਾ ਕਰਨ ਲਈ ਜੋ ਵੀ ਚਾਹੀਦਾ ਸੀ ਉਹ ਖ਼ਜ਼ਾਨੇ ਵਿੱਚੋਂ ਦਿੱਤਾ ਜਾਣਾ ਸੀ। ਕਿਉਂ? ਤਾਂ ਜੋ **ਸੁਰਗੀ ਪਰਮੇਸ਼ੁਰ** ਦਾ **ਕ੍ਰੋਧ ਪਾਤਸ਼ਾਹ ਤੇ ਰਾਜਕੁਮਾਰਾਂ ਦੇ ਰਾਜ** ਤੇ ਨਾ ਪਵੇ (7:23)। ਰਾਜੇ ਦੀ ਚਿੰਤਾ ਅਤੇ ਖੁੱਲ੍ਹਦਿਲੀ ਸਲਾਹੁਣ ਯੋਗ ਸੀ ਪਰ ਇਕ ਅਰਥ ਵਿਚ ਇਹ ਖੁਦਗਰਜ਼ੀ ਭਰੀ ਵੀ ਸੀ। ਉਹਦਾ ਇਰਾਦਾ ਇਸਰਾਏਲ ਦੇ ਖ਼ੁਦਾ ਦਾ ਦਿਲ ਜਿੱਤਣਾ ਸੀ ਤਾਂ ਜੋ ਉਸ ਨੂੰ ਖ਼ੁਦਾ ਵੱਲੋਂ ਬਰਕਤ ਮਿਲ ਸਕੇ (ਵੇਖੋ 6:10), ਉਵੇਂ ਹੀ ਜਿਵੇਂ ਉਹ ਦੂਜੇ ਦੇਵਤਿਆਂ ਤੋਂ ਚਾਹੁੰਦਾ ਸੀ (2) ਸੂਬਿਆਂ ਦੇ ਖ਼ਜ਼ਾਨਿਆਂ ਤੇ ਹੈਕਲ ਵਿਚ ਸੇਵਾ ਕਰਨ ਵਾਲੇ **ਜਾਜਕਾਂ, ਲੇਵੀਆਂ, ਗਵੱਯਾਂ, ਦਰਬਾਨਾਂ** ਜਾਂ **ਨਥੀਨੀਮਾਂ** ਨੂੰ ਕਿਸੇ ਵੀ ਤਰ੍ਹਾਂ ਦਾ ਟੈਕਸ ਦੇਣ ਤੋਂ ਛੂਟ ਸੀ (7:24)। (2:43–54 ਤੇ ਟਿੱਪਣੀਆਂ ਵੇਖੋ।)

**ਸ਼ਰ੍ਹਾ ਨੂੰ ਮਨਾਉਣ ਦਾ ਇਖ਼ਤਿਆਰ** (7:25, 26)

**25ਅਤੇ ਹੇ ਅਜ਼ਰਾ, ਤੂੰ ਆਪਣੇ ਪਰਮੇਸ਼ੁਰ ਦੇ ਉਸ ਗਿਆਨ ਦੇ ਅਨੁਸਾਰ ਜੋ ਤੇਰੇ ਵਿੱਚ ਹੈ ਹਾਕਮਾਂ ਤੇ ਨਿਆਈਆਂ ਨੂੰ ਥਾਪੀਂ ਤਾਂ ਜੋ ਦਰਿਆਉਂ ਪਾਰ ਦੇ ਸਭਨਾਂ ਲੋਕਾਂ ਦਾ ਨਿਆਉਂ ਕਰਨ ਜਿਹੜੇ ਤੇਰੇ ਪਰਮੇਸ਼ੁਰ ਦੀ ਬਿਵਸਥਾ ਨੂੰ ਜਾਣਦੇ ਹਨ ਅਤੇ ਜਿਹੜੇ ਨਾ ਜਾਣਦੇ ਹੋਣ ਓਨ੍ਹਾਂ ਨੂੰ ਤੁਸੀਂ ਸਿਖਾਓ 26ਅਤੇ ਜੋ ਕੋਈ ਤੇਰੇ ਪਰਮੇਸ਼ੁਰ ਦੀ ਬਿਵਸਥਾ ਤੇ ਪਾਤਸ਼ਾਹ ਦੇ ਕਨੂਨ ਨਾ ਮੰਨੇ ਉਹ ਨੂੰ ਝਟ ਪਟ ਦੰਡ ਲਾਇਆ ਜਾਵੇ ਚਾਹੇ ਮੌਤ ਯਾ ਦੇਸ ਨਿਕਾਲਾ ਯਾ ਮਾਲ ਜਾ ਜ਼ਬਤੀ ਯਾ ਕੈਦ ਦਾ।**

**ਆਇਤਾਂ 25, 26. ਅਜ਼ਰਾ** ਨੇ ਖ਼ੁਦਾ ਦੀ ਸ਼ਰ੍ਹਾ ਨੂੰ ਲਾਗੂ ਕਰਵਾਉਣ ਲਈ ਜੋ ਵੀ ਜ਼ਰੂਰੀ ਲਗਦਾ, ਉਹ ਕਰਨਾ ਸੀ। ਉਸ ਨੂੰ ਆਖਿਆ ਗਿਆ ਕਿ **ਹਾਕਮਾਂ ਤੇ ਨਿਆਈਆਂ ਨੂੰ ਥਾਪੀਂ** ਜਿਹੜੇ ਯਹੋਵਾਹ ਦੀ **ਬਿਵਸਥਾ ਨੂੰ ਜਾਣਦੇ** ਸਨ ਅਤੇ ਉਸ ਨੂੰ ਉਨ੍ਹਾਂ ਵਿੱਚੋਂ ਕਿਸੇ ਨੂੰ ਵੀ **ਜਿਹੜੇ ਨਾ ਜਾਣਦੇ ਹੋਣ ਉਨ੍ਹਾਂ ਨੂੰ ਸਿਖਾਉਣ** ਦਾ ਇਖ਼ਤਿਆਰ ਦਿੱਤਾ ਗਿਆ। ਜਿਹੜਾ ਵੀ ਕੋਈ **ਪਰਮੇਸ਼ੁਰ ਦੀ ਬਿਵਸਥਾ ਅਤੇ ਪਾਤਸ਼ਾਹ ਦੇ ਕਾਨੂੰਨ** ਨੂੰ ਮੰਨਣ ਨੂੰ ਇਨਕਾਰ ਕਰਦਾ ਉਸ ਨੂੰ **ਮੌਤ ਯਾ ਦੇਸ ਨਿਕਾਲਾ**[10] **ਯਾ ਮਾਲ ਦੀ ਜ਼ਬਤੀ ਯਾ ਕੈਦ** ਦੀ ਸਜ਼ਾ ਮਿਲਣੀ ਸੀ।

ਕਈਆਂ ਨੇ ਇਨ੍ਹਾਂ ਸ਼ਬਦਾਂ ਦਾ ਅਰਥ ਇਹ ਕੱਢਿਆ ਹੈ ਕਿ ਅਰਤਹਸ਼ਸ਼ਤਾ ਨੇ ਅਜ਼ਰਾ ਨੂੰ ਪੂਰੇ ਸੂਬੇ ਦਾ ਹਾਕਮ ਬਣਾ ਦਿੱਤਾ, ਉਸ ਨੂੰ ਹਰ ਕਿਸੇ ਉੱਤੇ ਇਖ਼ਤਿਆਰ ਦੇ ਦਿੱਤਾ (ਸ਼ਾਇਦ ਉਵੇਂ ਹੀ ਜਿਵੇਂ ਫ਼ਿਰੌਨ ਨੇ ਯੂਸੁਫ਼ ਨੂੰ ਮਿਸਰ ਉੱਤੇ ਇਖ਼ਤਿਆਰ ਦਿੱਤਾ ਸੀ) ਅਤੇ ਖ਼ੁਦਾ ਦੀ ਸ਼ਰ੍ਹਾ ਭਾਵ ਮੂਸਾ ਦੀ ਸ਼ਰ੍ਹਾ ਨੂੰ ਦੇਸ਼ ਦਾ ਕਾਨੂੰਨ ਬਣਾ ਦਿੱਤਾ ਅਤੇ ਉਸ ਨੂੰ ਫ਼ਾਰਸੀ ਰਾਜੇ ਦੇ ਕਾਨੂੰਨਾਂ ਦੇ ਬਰਾਬਰ ਕਰ ਦਿੱਤਾ।[11] ਇਸ ਵਿਆਖਿਆ ਨਾਲ ਅਜ਼ਰਾ ਨੇ ਸੂਬੇ ਦੇ ਸਭ ਲੋਕਾਂ ਤੋਂ, ਜਿਨ੍ਹਾਂ ਵਿਚ ਯਹੂਦੀ ਅਤੇ ਗੈਰਕੌਮ ਸਭ ਸਨ, ਮੂਸਾ ਦੀ ਸ਼ਰ੍ਹਾ ਮਨਵਾਉਣੀ ਸੀ। ਇਹ ਵਿਚਾਰ ਸੰਭਵ ਨਹੀਂ ਲਗਦਾ।

ਵਿਲਹਮ ਰੁਡੋਲਫ਼ ਦਾ ਕਹਿਣਾ ਹੈ ਕਿ ਇਹ ਹੁਕਮ ਯਹੂਦੀ ਸਮਾਜਾਂ ਵਿਚ ਯਹੂਦੀ ਸ਼ਰ੍ਹਾ ਨੂੰ ਲਾਗੂ

ਕਰਾਉਣ ਦੀ ਇਜਾਜ਼ਤ ਦੇਣ ਲਈ ਸੀ ਨਾ ਕਿ ਯਹੂਦੀ ਮਤ ਧਾਰਣ ਕਰਨ ਵਾਲਿਆਂ ਵਿਚ। ਉਸ ਨੇ ਸੰਕੇਤ ਦਿੱਤਾ ਕਿ ਅਜ਼ਰਾ ਨੇ ਬੁੱਤਪ੍ਰਸਤ ਲੋਕਾਂ ਵਿਚਕਾਰ ਰਹਿਣ ਵਾਲੇ ਯਹੂਦੀਆਂ ਨੂੰ ਸਿਖਾਉਣਾ ਸੀ, ਜਿਨ੍ਹਾਂ ਨੇ ਸ਼ਰ੍ਹਾ ਨੂੰ ਭੁਲਾ ਦਿੱਤਾ ਸੀ।[12] ਹੋਰਨਾਂ ਟੀਕਾਕਾਰਾਂ ਦਾ ਵੀ ਇਹੀ ਮੰਨਣਾ ਹੈ ਕਿ ਅਜ਼ਰਾ ਨੂੰ ਧਾਰਮਿਕ ਜ਼ਿੰਮੇਵਾਰੀਆਂ ਦੇ ਨਾਲ–ਨਾਲ ਸਿਆਸੀ ਤਾਕਤ ਮਿਲੀ।[13] ਬਹੁਤ ਸੰਭਾਵਨਾ ਇਹ ਹੈ ਕਿ ''ਸਿਆਸੀ ਤਾਕਤ'' ਜਿਹੜੀ ਉਸ ਨੂੰ ਮਿਲੀ ਸੀ ਉਹ ਕਾਨੂੰਨ ਨੂੰ ਲਾਗੂ ਕਰਵਾਉਣ ਲਈ ਸੀ। ਇੱਥੋਂ ਤਕ ਕਿ ਮੌਤ ਦੀ ਸਜ਼ਾ ਵਾਲੇ ਜੁਰਮਾਂ ਦੇ ਮਾਮਲਿਆਂ ਵਿਚ ''ਭਾਵੇਂ ਖ਼ੁਦਾ ਦੀ ਸ਼ਰ੍ਹਾ ਦੇ ਖ਼ਿਲਾਫ਼ ਹੋਵੇ ਜਾਂ ਰਾਜੇ ਦੀ ਸ਼ਰ੍ਹਾ ਦੇ ਖ਼ਿਲਾਫ਼,'' ਮੌਤ ਦੀ ਸਜ਼ਾ ਤਕ ਦਿੱਤੀ ਜਾ ਸਕਦੀ ਸੀ। ''ਇਹਦਾ ਮਤਲਬ ਇਹ ਹੋਇਆ ਕਿ ਅਜ਼ਰਾ ਦੇ ਮਗਰ ਫ਼ਾਰਸੀ ਸਰਕਾਰ ਦਾ ਇਖ਼ਤਿਆਰ ਸੀ।''[14] ਇਸ ਕਰਕੇ ਅਜ਼ਰਾ ਉੱਤੇ ਬੁੱਤਪ੍ਰਸਤੀ ਅਤੇ ਵਿਭਚਾਰ (ਲੇਵੀਆਂ 20:10; ਬਿਵਸਥਾ ਸਾਰ 22:22) ਵਰਗੇ ਮੌਤ ਦੀ ਸਜ਼ਾ ਦੇ ਯੋਗ ਜੁਰਮਾਂ ਵਾਲੇ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਦੇਣ ਦੀ ਜ਼ਿੰਮੇਵਾਰੀ ਸੀ (ਕੂਚ 22:20; ਲੇਵੀਆਂ 20:2–5; ਬਿਵਸਥਾ ਸਾਰ 13:1–18)।

ਇਹ ਅਸੰਭਵ ਲਗਦਾ ਹੈ ਕਿ ਖ਼ੁਦਾ ਕਿਸੇ ਰਾਜੇ ਨੂੰ ਗੈਰਕੌਮਾਂ ਨੂੰ ਮੂਸਾ ਦੇ ਰਾਹੀਂ ਇਸਰਾਏਲੀਆਂ ਨੂੰ ਦਿੱਤੀ ਸ਼ਰ੍ਹਾ ਨੂੰ ਮਨਵਾਉਣ ਲਈ ਪ੍ਰਵਾਨਗੀ ਦਵੇ।[15] ਇਸ ਤੋਂ ਇਲਾਵਾ। ਪਹੁੰਚਣ ਤੇ ਅਜ਼ਰਾ ਦੇ ਕੰਮਾਂ ਤੋਂ ਨਹੀਂ ਲਗਦਾ ਕਿ ਇਹ ਸੂਬੇ ਦੇ ਹਾਕਮ ਦੇ ਕੰਮ ਹੋਣਗੇ, ਪਰ ਇਕ ਧਾਰਮਿਕ ਸੁਧਾਰਕ ਦੇ ਕੰਮ ਜ਼ਰੂਰ ਲਗਦੇ ਹਨ। ਉਸ ਰਿਪੋਰਟ ਲਈ ਕਿ ਲੋਕਾਂ ਨੇ ਗੈਰਕੌਮਾਂ ਨਾਲ ਆਪੋ ਵਿਚ ਵਿਆਹ ਕਰ ਲਏ ਸਨ ਅਜ਼ਰਾ ਦਾ ਜਵਾਬ ਇਹ ਸੀ ਕਿ ਉਸ ਨੇ ਆਪਣੇ ਕੱਪੜੇ ਪਾੜ ਲਏ, ਨਿੰਮੋਝਾਣਾ ਹੋ ਕੇ ਬੈਠ ਗਿਆ, ਇਕਰਾਰ ਕਰਨ ਅਤੇ ਦੁਆ ਕਰਨ ਲਗ ਪਿਆ (9:1–15), ਨਾ ਕਿ ਕਿਸੇ ਹਾਕਮ ਵਾਂਗ ਸਰਕਾਰੀ ਹੁਕਮ ਜਾਰੀ ਕੀਤਾ। ਸੰਭਵ ਹੈ ਕਿ ਅਰਤਹਸ਼ਸ਼ਤਾ ਨੇ ਅਜ਼ਰਾ ਨੂੰ ਸ਼ਰ੍ਹਾ ਨੂੰ ਸਿਖਾਉਣ ਅਤੇ ਲਾਗੂ ਕਰਵਾਉਣ ਦਾ ਹੱਕ ਇਸ ਦੇ ਇੰਤਜ਼ਾਮਾਂ ਦੇ ਮੁਤਾਬਿਕ ਸੂਬੇ ਦੇ ਜਿਸ ਨੂੰ **ਦਰਿਆਉਂ ਪਾਰ** ਕਿਹਾ ਜਾਂਦਾ ਸੀ, ਯਹੂਦੀਆਂ ਵਿਚਕਾਰ ਹੀ ਦਿੱਤਾ।[16]

## ਅਜ਼ਰਾ ਵੱਲੋਂ ਖ਼ੁਦਾ ਦੀ ਤਾਰੀਫ਼ (7:27, 28)

**27ਯਹੋਵਾਹ ਸਾਡੇ ਪਿਉ ਦਾਦਿਆਂ ਦਾ ਪਰਮੇਸ਼ੁਰ ਮੁਬਾਰਕ ਹੋਵੇ ਜਿਹ ਨੇ ਏਹੋ ਜਿਹੀ ਗੱਲ ਪਾਤਸ਼ਾਹ ਦੇ ਮਨ ਵਿੱਚ ਪਾਈ ਭਈ ਉਹ ਯਹੋਵਾਹ ਦੇ ਭਵਨ ਨੂੰ ਜੋ ਯਰੂਸ਼ਲਮ ਵਿੱਚ ਹੈ ਸਵਾਰੇ 28ਅਤੇ ਪਾਤਸ਼ਾਹ ਤੇ ਉਹ ਦੇ ਮੰਤਰੀਆਂ ਦੇ ਸਨਮੁਖ ਅਤੇ ਪਾਤਸ਼ਾਹ ਦੇ ਸਾਰੇ ਬਲਵੰਤ ਸਰਦਾਰਾਂ ਦੇ ਅੱਗੇ ਮੇਰੇ ਉੱਤੇ ਦਯਾ ਦਰਿਸਟੀ ਕੀਤੀ ਹੈ ਸੋ ਮੈਂ ਯਹੋਵਾਹ ਆਪਣੇ ਪਰਮੇਸ਼ੁਰ ਦੇ ਹੱਥੋਂ ਜੋ ਮੇਰੇ ਉੱਤੇ ਸੀ ਬਲ ਪਾਇਆ ਅਤੇ ਮੈਂ ਇਸਰਾਏਲ ਵਿੱਚੋਂ ਮੁਖੀਆਂ ਨੂੰ ਇਕੱਠਾ ਕੀਤਾ ਭਈ ਓਹ ਮੇਰੇ ਨਾਲ ਉਤਾਹਾਂ ਚੱਲਣ।**

ਅਰਤਹਸ਼ਸ਼ਤਾ ਦੀ ਚਿੱਠੀ ਤੋਂ ਬਾਅਦ (7:11–26) ਕਿਤਾਬ ਦਾ ਉਹ ਭਾਗ ਆਉਂਦਾ ਹੈ ਜਿਸ ਨੂੰ ਕਈ ਵਾਰ ''ਅਜ਼ਰਾ ਦੀ ਆਪਬੀਤੀ'' ਆਖਿਆ ਜਾਂਦਾ ਹੈ (7:27–8:34; 9:1–15)। 7:27–8:34 ਵਿਚ ਸਾਨੂੰ ਅਜ਼ਰਾ ਦੇ ਯਰੂਸ਼ਲਮ ਨੂੰ ਜਾਣ ਅਤੇ ਉਸ ਦੇ ਉੱਥੇ ਸੁਰੱਖਿਅਤ ਪਹੁੰਚਣ ਦਾ ਜੋ ਪੰਜਵੀਂ ਸਦੀ ਈ.ਪੂ. ਦੇ ਵਿਚਕਾਰ ਹੋਇਆ, ਵੇਰਵਾ ਉੱਤਮ ਪੁਰਖ ਵਿਚ ਦਿੱਤਾ ਗਿਆ ਹੈ। ਇਹ ਤੱਥ ਕਿ ਉਹ ਉੱਥੇ ਸੁਰੱਖਿਅਤ ਪਹੁੰਚ ਗਿਆ, ਕੋਈ ਹੈਰਾਨੀ ਵਾਲਾ ਨਹੀਂ ਹੈ, ਕਿਉਂ ਜੋ 7:1–10 ਦੱਸਦਾ ਹੈ ਕਿ ਉਹ ਵਾਪਸ ਆਇਆ। ਅਜ਼ਰਾ ਨੇ ਇਸ ਭਾਗ ਵਿਚ ਬੁਨਿਆਦੀ ਤੱਥ ਦਿੱਤੇ ਅਤੇ ਫਿਰ 7:27, 28 ਤੋਂ ਸ਼ੁਰੂ ਕਰਕੇ ਉਸ ਦੌਰੇ ਦਾ ਆਪਣਾ ਨਿੱਜੀ ਲੇਖਾ ਜੋਖਾ ਦਿੱਤਾ। ਇਸ ਵਾਧੂ ਜਾਣਕਾਰੀ ਤੋਂ ਪਤਾ ਲਗਦਾ ਹੈ ਕਿ ਅਜ਼ਰਾ ਨੇ ਰਾਜੇ ਦੇ ਹੁਕਮ ਨੂੰ ਕਿਵੇਂ ਪੂਰਾ ਕੀਤਾ।

**ਆਇਤਾਂ 27, 28.** ਅਜ਼ਰਾ ਨੇ ਸ਼ੁਰੂਆਤ ਸ਼ੁਕਰਗੁਜ਼ਾਰੀ ਅਤੇ ਖ਼ੁਦਾ ਦੀ ਤਾਰੀਫ਼ ਕਰਦਿਆਂ ਕੀਤੀ: **ਯਹੋਵਾਹ ਸਾਡੇ ਪਿਉ ਦਾਦਿਆਂ ਦਾ ਪਰਮੇਸ਼ੁਰ ਮੁਬਾਰਕ ਹੋਵ।** (ਪੁਰਖਿਆਂ ਭਾਵ ਅਬਰਾਹਾਮ, ਇਸਹਾਕ, ਯਾਕੂਬ ਅਤੇ ਇਸਰਾਏਲ ਕੌਮ ਦਾ ਪਰਮੇਸ਼ੁਰ)। ਉਸ ਨੇ ਮੰਨਿਆ ਕਿ ਖ਼ੁਦਾ ਨੇ **ਏਹੋ ਜਿਹੀ ਗੱਲ ਪਾਤਸ਼ਾਹ ਦੇ ਮਨ ਵਿੱਚ ਪਾਈ ਭਈ ਉਹ ਯਹੋਵਾਹ ਦੇ ਭਵਨ ਨੂੰ ਜੋ ਯਰੂਸ਼ਲਮ ਵਿੱਚ ਹੈ ਸਵਾਰੇ**। ਫਿਰ ਉਸ ਨੇ ਰਾਜੇ ਦੇ ਉਨ੍ਹਾਂ ਦੀ ਤਰਫ਼ਦਾਰੀ ਕਰਨ ਵਾਲੇ ਫ਼ੈਸਲੇ ਦਾ ਸਿਹਰਾ ਯਹੋਵਾਹ ਦੀ **ਦਯਾ ਦਰਿਸਟੀ** ਨੂੰ ਦਿੱਤਾ ਜਿਹੜੀ **ਪਾਤਸ਼ਾਹ ਤੇ ਉਹ ਦੇ ਮੰਤਰੀਆਂ** [ਵੇਖੋ 7:14] **ਦੇ ਸਨਮੁਖ ਅਤੇ ਪਾਤਸ਼ਾਹ ਦੇ ਸਾਰੇ ਬਲਵੰਤ ਸਰਦਾਰਾਂ ਦੇ ਅੱਗੇ** ਉਹਦੇ ਉੱਤੇ ਵਿਖਾਈ ਗਈ ਸੀ। ਲੈਸਲੀ ਸੀ. ਐਲਨ ਦਾ ਕਹਿਣਾ ਹੈ ਕਿ ''ਇਕ ਵਾਰ ਫੇਰ, ਪਹਿਲੇ ਮਿਸ਼ਨ ਵਾਂਗ ਖ਼ੁਦਾ ਨੇ ਹੈਕਲ ਦੇ ਕਾਰਣ ਇਕ ਫ਼ਾਰਸੀ ਰਾਜੇ ਨੂੰ ਪ੍ਰੇਰਣਾ ਦਿੱਤੀ।''[17]

ਇਸ ਦਾ ਮਤਲਬ ਇਹ ਲਗਦਾ ਹੈ ਕਿ ਅਜ਼ਰਾ ਨੂੰ ਭਾਵੇਂ ਰਾਜਾ ਜਾਣਦਾ ਅਤੇ ਉਸ ਦੀ ਤਾਰੀਫ਼ ਕਰਦਾ ਸੀ ਪਰ ਇਸ ਦੇ ਬਾਵਜੂਦ ਉਸ ਨੂੰ ਰਾਜ ਦੇ ਵੱਡੇ ਅਹੁਦੇਦਾਰਾਂ ਦੇ ਸਾਹਮਣੇ ਸ਼ਾਹੀ ਤਾਕਤ ਦੇ ਅੱਗੇ ਅਤੇ ਯਰੂਸ਼ਲਮ ਜਾਣ ਦੀ ਪ੍ਰਵਾਨਗੀ ਲੈਣ ਲਈ ਹਲੀਮਗੀ ਨਾਲ ਪੁੱਛਣਾ ਜ਼ਰੂਰੀ ਲੱਗਾ ਤਾਂ ਜੋ ਉਹ ਯਹੂਦੀਆ ਦੀ ਰਹਿਨੁਮਾਈ ਦੀ ਸਖ਼ਤ ਲੋੜ ਨੂੰ ਪੂਰਾ ਕਰ ਸਕਦਾ। ਸ਼ਾਇਦ ਰਾਜੇ ਦੇ ਫ਼ੈਸਲੇ ਨੂੰ ਸੁਣਨ ਲਈ ਉਸ ਨੂੰ ਦੁਵਿਧਾ ਵਿਚ ਉਡੀਕ ਕਰਨੀ ਪੈਣੀ ਸੀ। ਫਿਰ ਅਖ਼ੀਰ ਉਹ ਇਜਾਜ਼ਤ ਮਿਲ ਜਾਣ ਤੇ ਅਤੇ ਰਾਜੇ ਦੀ ਚਿੱਠੀ ਹੱਥ ਵਿਚ ਆ ਜਾਣ ਤੇ ਉਸ ਨੇ ਆਪਣੇ ਆਪ ਨੂੰ ਰੋਕ ਨਹੀਂ ਸਕਣਾ ਸੀ ਕਿਉਂ ਜੋ ਉਸ ਦਾ ਮਨ ਸ਼ੁਕਰਗੁਜ਼ਾਰੀ ਨਾਲ ਭਰਿਆ ਹੋਇਆ ਸੀ ਅਤੇ ਉਸ ਉੱਤੇ ਖ਼ੁਦਾ ਵੱਲੋਂ ਵਿਖਾਈ ਗਈ ਦਯਾ ਦੇ ਕਾਰਣ ਡੁੱਲ੍ਹ-ਡੁੱਲ੍ਹ ਪੈਂਦਾ ਸੀ। ਉਹ ਪੁਕਾਰ ਉੱਠਿਆ, ''ਯਹੋਵਾਹ ਮੁਬਾਰਕ ਹੋਵੇ।''

ਅਜ਼ਰਾ ਨੇ ਸਿਰਫ਼ ਖ਼ੁਦਾ ਦੀ ਤਾਰੀਫ਼ ਹੀ ਨਹੀਂ ਕੀਤੀ ਬਲਕਿ ਓਸੇ ਵੇਲੇ ਉਸ ਨੇ ਆਪਣੀਆਂ ਯੋਜਨਾਵਾਂ ਨੂੰ ਅਮਲ ਵਿਚ ਲਿਆਉਣਾ ਵੀ ਸ਼ੁਰੂ ਕਰ ਦਿੱਤਾ। **ਯਹੋਵਾਹ ਦੇ ਹੱਥੋਂ ਬਲ** ਪਾ ਕੇ ਉਹਨੇ ਸਫ਼ਰ ਵਿਚ ਆਪਣੇ ਨਾਲ ਲਿਜਾਣ ਲਈ **ਇਸਰਾਏਲ ਵਿੱਚੋਂ ਮੁੱਖੀਆਂ ਨੂੰ ਇਕੱਠਾ ਕੀਤਾ**। ਅਧਿਆਇ 8 ਦੱਸਦਾ ਹੈ ਕਿ ਉਨ੍ਹਾਂ ਲੋਕਾਂ ਵਿੱਚੋਂ ਕੁਝ ਦੇ ਨਾਂਅ ਕੀ ਸਨ।

## ਪ੍ਰਸੰਗਿਕਤਾ

### ਦੀਨਦਾਰ ਆਗੂ ਦੀਆਂ ਖੂਬੀਆਂ (ਅਧਿਆਇ 7)

ਕਈ ਵਾਰ ਕਿਸੇ ਧਰਮ ਨੂੰ ਸੁਧਾਰੇ ਜਾਣ ਦੀ ਲੋੜ ਹੁੰਦੀ ਹੈ। ਪ੍ਰੋਟੈਸਟੈਂਟ ਸੁਧਾਰ ਦੀ ਸ਼ੁਰੂਆਤ ਕਰਨ ਵਾਲਿਆਂ ਦਾ ਵਿਚਾਰ ਇਹੀ ਸੀ ਕਿ ਰੋਮਨ ਕੈਥੋਲਿਕ ਚਰਚ ਭ੍ਰਸ਼ਟ ਹੋ ਚੁੱਕਿਆ ਹੈ ਅਤੇ ਇਸ ਨੂੰ ਸੁਧਾਰ ਦੀ ਲੋੜ ਹੈ। ਪਰ ਧਰਮ ਦੇ ਸੁਧਾਰ ਦੀ ਇਹ ਨਾ ਤਾਂ ਪਹਿਲੀ ਕੋਸ਼ਿਸ਼ ਸੀ ਅਤੇ ਨਾ ਆਖ਼ਰੀ। ਤਕਰੀਬਨ ਹਰ ਧਾਰਮਿਕ ਜਮਾਤ ਨੂੰ ਕਦੇ ਨਾ ਕਦੇ ਕਿਸੇ ਮਜ਼ਬੂਤ ਇਰਾਦੇ ਵਾਲਾ ਲੀਡਰ ਮਿਲ ਹੀ ਜਾਂਦਾ ਹੈ ਜਿਹ ਨੂੰ ਨਵਾਂਪਨ ਲਿਆਉਣ, ਬੇਦਾਰੀ ਅਤੇ ਸੁਧਾਰ ਦੀ ਲੋੜ ਨਜ਼ਰ ਆਉਂਦੀ ਹੋਵੇ।[18]

ਅਜ਼ਰਾ ਦੀ ਕਿਤਾਬ ਦੇ ਦੂਜੇ ਹਿੱਸੇ ਵਿਚ ਅਸੀਂ ਇਕ ''ਸੁਧਾਰਵਾਦੀ ਲਹਿਰ'' ਬਾਰੇ ਪੜ੍ਹਦੇ ਹਾਂ। ਹੋਰਨਾਂ ਅਜਿਹੀਆਂ ਲਹਿਰਾਂ ਵਾਂਗ ਇਸ ਲਹਿਰ ਨੇ ਧਰਮ ਦੇ ਸ਼ੁਰੂਆਤੀ ਜੋਸ਼ ਨੂੰ ਵਾਪਸ ਲਿਆਉਣ ਦੀ ਕੋਸ਼ਿਸ਼ ਕੀਤੀ। ਇਸ ਦੀ ਅਗਵਾਈ ਜੋਸ਼ੀਲੇ ਸੁਧਾਰਕ ਅਜ਼ਰਾ ਨੇ ਕੀਤੀ। ਜਿਸ ਨੂੰ ਖ਼ੁਦਾ ਨੇ ਆਪਣੇ ਲੋਕਾਂ ਨੂੰ ਆਪਣੀ ਸ਼ਰ੍ਹਾ ਵੱਲ ਵਾਪਸ ਲਿਆਉਣ ਲਈ ਇਸਤੇਮਾਲ ਕੀਤਾ।

ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਅੱਜ ਕਲੀਸੀਆ ਨੂੰ ਬੇਦਾਰੀ ਦੀ ਲੋੜ ਹੈ। ਕਈ ਵਾਰ ਅਸੀਂ ਗਾਉਂਦੇ ਹਾਂ, ''ਸਾਨੂੰ ਫੇਰ ਬੇਦਾਰ ਬਣਾ ਦੇ!''[19] ਜੇ ਸਾਨੂੰ ਬੇਦਾਰੀ ਦੀ ਲੋੜ ਹੈ ਤਾਂ ਅਸੀਂ ਉਸ ਬੇਦਾਰੀ ਨੂੰ ਕਿਵੇਂ ਲਿਆ ਸਕਦੇ ਹਾਂ? ਬੇਦਾਰੀ ਲਿਆਉਣ ਵਿਚ ਮਦਦ ਲਈ ਸਾਨੂੰ ਅਜ਼ਰਾ ਵਰਗੇ

ਕਿਸੇ ਆਦਮੀ ਜਾਂ ਆਦਮੀਆਂ ਤੇ ਭਰੋਸਾ ਕਰਨਾ ਜ਼ਰੂਰੀ ਹੈ। ਅਸੀਂ ਉਹਦੇ ਵਰਗੇ ਕਿਵੇਂ ਬਣੀਏ?

ਪਹਿਲਾਂ ਉਸ ਸਮੇਂ ਉੱਤੇ ਜਿਸ ਵਿਚ ਅਜ਼ਰਾ ਰਹਿੰਦਾ ਸੀ, ਉਸ ਦੀ ਕਹਾਣੀ ਦੇ ਇਤਹਾਸਕ ਪਿਛੋਕੜ ਉੱਤੇ ਵਿਚਾਰ ਕਰੀਏ ਅਤੇ ਫਿਰ ਉਨ੍ਹਾਂ ਗੁਣਾਂ ਉੱਤੇ ਧਿਆਨ ਦਈਏ ਜਿਨ੍ਹਾਂ ਨੇ ਅਜ਼ਰਾ ਨੂੰ ਬੇਦਾਰੀ ਲਿਆਉਣ ਵਿਚ ਅਗਵਾਈ ਕਰਨ ਵਾਲਾ ਸਹੀ ਵਿਅਕਤੀ ਬਣਾ ਦਿੱਤਾ।

ਅਧਿਆਇ 6 ਦੇ ਅੰਤ ਨਾਲ ਅਜ਼ਰਾ ਦੀ ਕਿਤਾਬ ਦਾ ਪਹਿਲਾ ਹਿੱਸਾ ਖ਼ਤਮ ਹੋ ਜਾਂਦਾ ਹੈ। ਇਨ੍ਹਾਂ ਛੇ ਅਧਿਆਇਆਂ ਵਿਚ ਅਸੀਰੀ ਤੋਂ ਯਹੂਦੀਆਂ ਦੀ ਪਹਿਲੀ ਵਾਪਸੀ ਅਤੇ ਹੈਕਲ ਦੀ ਮੁੜ ਉਸਾਰੀ ਦੇ ਦੋ ਵਿਸ਼ਿਆਂ ਉੱਤੇ ਜ਼ੋਰ ਹੈ। ਅਜ਼ਰਾ ਦੀ ਕਿਤਾਬ ਦੇ ਦੂਜੇ ਹਿੱਸੇ ਵਿਚ ਸਾਨੂੰ ਅਜ਼ਰਾ ਦੇ ਨਾਲ ਦੇਸ਼ ਵਿਚ ਯਹੂਦੀਆਂ ਦੀ ਵਾਪਸੀ ਬਾਰੇ ਅਤੇ ਉਨ੍ਹਾਂ ਸੁਧਾਰਾਂ ਬਾਰੇ ਪਤਾ ਲਗਦਾ ਹੈ ਜਿਹੜੇ ਉਸ ਨੇ ਲਾਗੂ ਕੀਤੇ। ਨਹਮਯਾਹ ਦੀ ਕਿਤਾਬ ਨਹਮਯਾਹ ਦੇ ਨਾਲ ਤੀਜੀ ਵਾਪਸੀ ਅਤੇ ਯਰੂਸ਼ਲਮ ਦੀ ਸ਼ਹਿਰਪਨਾਹ ਦੇ ਫੇਰ ਤੋਂ ਬਣਾਏ ਜਾਣ ਬਾਰੇ ਦੱਸਦੀ ਹੈ।

ਅਜ਼ਰਾ ਦਾ ਅਧਿਆਇ 6 ਹੈਕਲ ਦੇ ਬਣਾਏ ਜਾਣ ਦੀ ਚੱਠ ਨਾਲ ਖ਼ਤਮ ਹੁੰਦਾ ਹੈ, ਇਕ ਘਟਨਾ ਜਿਸ ਨੂੰ 516 ਈ.ਪੂ. ਦੇ ਨੇੜੇ ਤੇੜੇ ਦੱਸਿਆ ਜਾ ਸਕਦਾ ਹੈ। ਅਧਿਆਇ 7 ਦਾ ਅਰੰਭ 458 ਈ.ਪੂ. ਦੇ ਕਰੀਬ ਅਜ਼ਰਾ ਦੀ ਰਹਿਨੁਮਾਈ ਵਿਚ ਯਹੂਦਾ ਵਿਚ ਵਾਪਸੀ ਨਾਲ ਹੁੰਦਾ ਹੈ। ਅਧਿਆਇ 6 ਅਤੇ 7 ਦੇ ਵਿਚਾਰ ਯਹੂਦਾ ਦੇ ਵਾਪਸੀ ਲਈ ਲਗਭਗ ਸੱਠ ਸਾਲਾਂ ਦਾ ਸਮਾਂ ਲੰਘ ਗਿਆ। ਯਹੂਦਾ ਵਿਚ ਇਨ੍ਹਾਂ ਦੌਰਾਨ ਜੋ ਕੁਝ ਹੋਇਆ ਉਸ ਬਾਰੇ ਸਾਨੂੰ ਕੁਝ ਪਤਾ ਨਹੀਂ ਹੈ, ਸਿਵਾਇ ਉਸ ਦੇ ਜਿਸ ਦਾ ਸਾਨੂੰ ਅਜ਼ਰਾ ਅਤੇ ਨਹਮਯਾਹ ਦੀਆਂ ਕਿਤਾਬਾਂ ਅਤੇ ਨਬੀਆਂ ਦੀਆਂ ਕਿਤਾਬਾਂ ਤੋਂ ਮਿਲ ਸਕਦਾ ਹੈ।[20]

ਲਗਦਾ ਹੈ ਕਿ ਉਨ੍ਹਾਂ ਸੱਠਾਂ ਸਾਲਾਂ ਦੌਰਾਨ ਯਹੂਦੀ ਲੋਕ ਖ਼ੁਦਾ ਦੇ ਵਚਨ ਤੋਂ ਥਿੜਕ ਗਏ ਸਨ। ਅਸੀਂ ਜਾਣਦੇ ਹਾਂ ਕਿ ਉਨ੍ਹਾਂ ਨੇ ਦੇਸ਼ ਦੇ ਲੋਕਾਂ ਨਾਲ ਆਪੋ ਵਿਚ ਵਿਆਹ ਕਰ ਲਏ ਸਨ, ਕਿਉਂ ਜੋ ਅਜ਼ਰਾ ਅਤੇ ਨਹਮਯਾਹ ਦੋਹਾਂ ਨੂੰ ਇਸ ਮੁਸ਼ਕਿਲ ਨਾਲ ਨਜਿੱਠਣਾ ਪਿਆ ਸੀ। ਵਾਪਸ ਆਣ ਕੇ ਅਜ਼ਰਾ ਨੂੰ ਲੋਕਾਂ ਨੂੰ ਖ਼ੁਦਾ ਦੀ ਸ਼ਰ੍ਹਾ ਸਿਖਾਉਣੀ ਪਈ। ਇਸਦਾ ਕਿ ਉਨ੍ਹਾਂ ਨੂੰ ਸਿਖਾਏ ਜਾਣ ਦੀ ਲੋੜ ਸੀ, ਮਤਲਬ ਇਹ ਹੈ ਕਿ ਉਹ ਖ਼ੁਦਾ ਦੀ ਸ਼ਰ੍ਹਾ ਨੂੰ ਭੁੱਲ ਜਾਂ ਵਿਸਾਰ ਚੁੱਕੇ ਸਨ। ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਉਨ੍ਹਾਂ ਦਾ ਜੋਸ਼ ਠੰਡਾ ਪੈ ਚੁੱਕਿਆ ਸੀ। ਉਹ ਲਾਟ ਜਿਹੜੀ ਹੈਕਲ ਦੇ ਬਣਨ ਤੇ ਐਨੀ ਤੇਜ਼ ਬਲਦੀ ਸੀ ਹੁਣ ਲਗਭਗ ਬੁੱਝ ਚੁੱਕੀ ਸੀ। ਉਸ ਅੱਗ ਨੂੰ ਫੇਰ ਤੋਂ ਜਗਾਉਣ ਲਈ ਖ਼ੁਦਾ ਦੇ ਲੋਕਾਂ ਨੂੰ ਇਕ ਬੰਦੇ ਦੀ ਲੋੜ ਸੀ ਅਤੇ ਉਹ ਬੰਦਾ ਅਜ਼ਰਾ ਸੀ! ਜਿਵੇਂ ਖ਼ੁਦਾ ਨੇ ਆਪਣੇ ਕੰਮ ਨੂੰ ਪੂਰਾ ਕਰਨ ਲਈ ਹਮੇਸ਼ਾ ਕਿਸੇ ਨਾ ਕਿਸੇ ਨੂੰ ਖੜਾ ਕੀਤਾ ਹੈ, ਇਸ ਮੌਕੇ ਤੇ ਖ਼ੁਦਾ ਨੇ ਅਜ਼ਰਾ ਨੂੰ ਖੜਾ ਕਰ ਦਿੱਤਾ। ਅਜ਼ਰਾ ਕਿਹੋ ਜਿਹਾ ਆਦਮੀ ਸੀ?

*ਅਜ਼ਰਾ ਇਕ ਮਸ਼ਹੂਰ ਆਦਮੀ ਸੀ, ਜਿਹਦੀ ਸਾਰੇ ਬੜੀ ਇੱਜ਼ਤ ਕਰਦੇ ਸਨ।* ਉਸ ਦੀ ਇੱਜ਼ਤ ਉਸ ਦੇ ਖ਼ਾਨਦਾਨ ਕਰਕੇ ਸੀ। ਬਾਈਬਲ ਵਿਚ ਜਦ ਲੋਕਾਂ ਦੇ ਨਾਂਅ ਮਿਲਦੇ ਹਨ ਤਾਂ ਆਮ ਤੌਰ ਤੇ ਬਾਈਬਲ ਦੇ ਲੇਖਕ ਸਾਨੂੰ ਦੱਸਦੇ ਹਨ ਕਿ ਉਹ ਫਲਾਣੇ ਕੁਲ ਵਿੱਚੋਂ ਸਨ। ਫਿਰ ਵੀ ਜਿਵੇਂ ਕਿ ਅਸੀਂ ਅਜ਼ਰਾ ਦੀ ਕੁਲਪੱਤਰੀ ਬਾਰੇ ਵੇਖਦੇ ਹਾਂ, ਬਾਈਬਲ ਕਿਸੇ ਦੇ ਪਰਿਵਾਰ ਬਾਰੇ ਦੱਸਦਿਆਂ ਉਸਦੀਆਂ ਸੋਲਾਂ ਪੀੜ੍ਹੀਆਂ ਤਕ ਪਿੱਛੇ ਬੜਾ ਘੱਟ ਜਾਂਦੀ ਹੈ।[21] ਇਸ ਨਾਲ ਦੋ ਗੱਲਾਂ ਪੂਰੀਆਂ ਹੁੰਦੀਆਂ ਹਨ। ਇਸ ਨਾਲ ਪਾਠਕ ਨੂੰ ਅਜ਼ਰਾ ਦੀ ਅਹਿਮੀਅਤ ਦਾ ਪਤਾ ਲਗਦਾ ਹੈ ਅਤੇ ਇਹ ਅਜ਼ਰਾ ਨੂੰ ਇਸਰਾਏਲ ਦੇ ਇਤਹਾਸ ਦੇ ਕੁਝ ਵੱਡੇ ਨਾਂਵਾਂ ਖ਼ਾਸਕਰ ਅਲਆਜ਼ਾਰ ਅਤੇ ਨਹੂਮ ਦੇ ਨਾਂਵਾਂ ਨਾਲ ਜੋੜ ਕੇ ਉਸ ਦੀ ਅਹਿਮੀਅਤ ਦਿੰਦਾ ਹੈ। ਅਜ਼ਰਾ ਦੇ ਖ਼ਾਨਦਾਨ ਦੀ ਰੇਖਾ ਤੋਂ ਇਹ ਸੰਕੇਤ ਮਿਲਦਾ ਹੈ ਕਿ ਉਹ ਗ੍ਰੰਥੀ ਹੋਣ ਦੇ ਨਾਲ ਨਾਲ ਯਾਜਕ ਵੀ ਸੀ (ਵੇਖੋ 7:11)।

ਆਪਣੇ ਹੁਨਰ ਕਰਕੇ ਅਜ਼ਰਾ ਪ੍ਰਭਾਵਸ਼ਾਲੀ ਵੀ ਸੀ। ਉਸ ਨੂੰ ''ਮੂਸਾ ਦੀ ਬਿਵਸਥਾ ਵਿੱਚ ਜੋ ਯਹੋਵਾਹ ਇਸਰਾਏਲ ਦੇ ਪਰਮੇਸ਼ੁਰ ਨੇ ਦਿੱਤੀ ਸੀ ਬੜਾ ਗੁਣੀ ਗ੍ਰੰਥੀ'' ਦੱਸਿਆ ਗਿਆ ਹੈ (7:6)।

ਗ੍ਰੰਥੀ ਪੁਰਾਣੇ ਨੇਮ ਦੀਆਂ ਕਿਤਾਬਾਂ ਦੀਆਂ ਨਕਲਾਂ ਤਿਆਰ ਕਰਨ ਵਾਲੇ ਕਰਮਚਾਰੀ ਹੁੰਦੇ ਸਨ। ਆਪਣਾ ਸਮਾਂ ਸ਼ਰ੍ਹਾ ਦੀ ਨਕਲ ਉਤਾਰਨ ਵਿਚ ਹੀ ਲਗਾਉਣ ਕਰਕੇ ਉਹ ਇਸ ਦੇ ਮਾਹਿਰ ਹੋ ਜਾਂਦੇ ਸਨ। ਇਸ ਕਰਕੇ ਉਨ੍ਹਾਂ ਨੂੰ ਸਿਰਫ਼ ਨਕਲ ਨਵੀਸ ਹੀ ਨਹੀਂ ਬਲਕਿ ਸ਼ਰ੍ਹਾ ਦੇ ਮਾਹਿਰ ਅਤੇ ਇਸ ਨੂੰ ਸਿਖਾਉਣ ਵਾਲੇ ਵੀ ਮੰਨਿਆ ਜਾਂਦਾ ਸੀ। ਅਜ਼ਰਾ ਦੀ ਪਛਾਣ ਇਕ ਗ੍ਰੰਥੀ ਦੇ ਰੂਪ ਵਿਚ ਸੀ, ਪਰ ਉਹ ਨਿਰਾ ਗ੍ਰੰਥੀ ਨਹੀਂ ਸੀ ਬਲਕਿ ਉਹ ''ਗੁਣੀ'' ਗ੍ਰੰਥੀ ਸੀ। ਰਾਜੇ ਵੱਲੋਂ ਉਸ ਦਾ ਵਰਣਨ ਉਸ ਦੇ ਰੂਪ ਵਿਚ ਕੀਤਾ ਗਿਆ ਹੈ, ''ਜੋ ਯਹੋਵਾਹ ਦੀਆਂ ਆਗਿਆ ਦੇ ਬਚਨਾਂ ਦਾ ਅਰ ਇਸਰਾਏਲ ਦੇ ਲਈ ਬਿਧੀਆਂ ਦਾ ਗ੍ਰੰਥੀ ਸੀ'' (7:11)।

ਇਸ ਤੋਂ ਇਲਾਵਾ ਅਜ਼ਰਾ ਫ਼ਾਰਸੀ ਰਾਜੇ ਦਾ ਵੀ ਪਸੰਦੀਦਾ ਸੀ, ਜਿਸ ਨੇ ਉਸ ਦੀ ਹਰ ਬੇਨਤੀ ਨੂੰ ਮੰਨ ਕੇ ਉਹਦੇ ਮੁਤਾਬਕ ਕੀਤਾ ਸੀ (7:6)। ਰਾਜੇ ਨੇ ਹੁਕਮ ਜਾਰੀ ਕੀਤਾ ਸੀ ਜਿਸ ਨਾਲ ਅਜ਼ਰਾ ਨੂੰ ਵਾਪਸ ਜਾਣ ਦੀ ਇਜਾਜ਼ਤ ਮਿਲੀ, ਅਤੇ ਦੂਜਿਆਂ ਨੂੰ ਉਹਦੇ ਨਾਲ ਵਾਪਸ ਜਾਣ ਦੀ ਇਜਾਜ਼ਤ ਮਿਲੀ। ਉਹ ਸੋਨਾ ਚਾਂਦੀ ਜਿਹੜਾ ਰਾਜੇ ਨੇ ਯਹੋਵਾਹ ਨੂੰ ਦੇਣਾ ਚੁਣਿਆ ਸੀ ਅਜ਼ਰਾ ਨੂੰ ਸੌਂਪਿਆ ਗਿਆ ਅਤੇ ਇਕ ਹੁਕਮ ਜਾਰੀ ਕੀਤਾ ਗਿਆ ਕਿ ਦੇਸ਼ ਦੇ ਲੋਕ ਅਜ਼ਰਾ ਦੇ ਕੰਮ ਵਿਚ ਮਦਦ ਕਰਨ ਅਤੇ ਉਸ ਦੀਆਂ ਸਿੱਖਿਆਵਾਂ ਨੂੰ ਮੰਨਣ (7:11–26)। ਸਾਫ਼ ਹੈ ਕਿ ਰਾਜੇ ਦੀ ਨਜ਼ਰ ਵਿਚ ਅਜ਼ਰਾ ਦਾ ਬੜਾ ਮਾਣ ਸੀ।

ਅਖ਼ੀਰ ਵਿਚ, ਅਜ਼ਰਾ ਨੂੰ ਖ਼ੁਦਾ ਵੱਲੋਂ ਬਰਕਤ ਮਿਲੀ ਸੀ। ਫ਼ਾਰਸੀ ਰਾਜੇ ਦੇ ਫ਼ੈਸਲੇ ਅਤੇ ਵਾਪਸ ਜਾਣ ਵਾਲਿਆਂ ਦੀ ਸੁਰੱਖਿਅਤ ਪਹੁੰਚ ਦਾ ਕਾਰਣ ਖ਼ੁਦਾ ਨੂੰ ਦੱਸਿਆ ਗਿਆ। 7:6 ਵਿਚ ਦੱਸਿਆ ਗਿਆ ਹੈ, ''ਯਹੋਵਾਹ ਉਹ ਦੇ ਪਰਮੇਸ਼ੁਰ ਦਾ ਹੱਥ ਉਹ ਦੇ ਉੱਤੇ ਸੀ ਏਸ ਲਈ ਪਾਤਸ਼ਾਹ ਨੇ ਉਹ ਦੀਆਂ ਸਾਰੀਆਂ ਮੰਗਾਂ ਉਹ ਨੂੰ ਦਿੱਤੀਆਂ।'' ਅਧਿਆਇ ਦੇ ਅਖ਼ੀਰ ਵਿਚ ਅਸੀਂ ਵੇਖਦੇ ਹਾਂ ਕਿ ਅਜ਼ਰਾ ਨੇ ਖ਼ੁਦਾ ਨੂੰ ਵਡਿਆਈ ਦਿੱਤੀ: ''ਯਹੋਵਾਹ ... ਪਰਮੇਸ਼ੁਰ ਮੁਬਾਰਕ ਹੋਵੇ ਜਿਹ ਨੇ ਏਹੋ ਜਿਹੀ ਗੱਲ ਪਾਤਸ਼ਾਹ ਦੇ ਮਨ ਵਿੱਚ ਪਾਈ'' (7:27)।

ਅਜ਼ਰਾ ਸਚਮੁਚ ਇਕ ਮਸ਼ਹੂਰ ਆਦਮੀ ਸੀ। ਉਹ ਆਪਣੇ ਖ਼ਾਨਦਾਨ, ਆਪਣੇ ਗੁਣਾਂ ਅਤੇ ਫ਼ਾਰਸੀ ਰਾਜੇ ਨਾਲ ਆਪਣੇ ਸਬੰਧ ਅਤੇ ਖ਼ਾਸ ਕਰਕੇ ਖ਼ੁਦਾ ਨਾਲ ਆਪਣੇ ਸਬੰਧ ਕਰਕੇ ਮਸ਼ਹੂਰ ਸੀ।[22]

ਸਾਨੂੰ ਵੀ ਉਹਦੇ ਵਾਂਗ ਮਸ਼ਹੂਰ ਹੋਣਾ ਚੰਗਾ ਲੱਗੇਗਾ। ਬੇਸ਼ੱਕ ਮਨੁੱਖੀ ਨਜ਼ਰੀਏ ਤੋਂ ਸਾਡੇ ਸਾਰਿਆਂ ਲਈ ਐਨੇ ਮਸ਼ਹੂਰ ਹੋਣਾ ਸੰਭਵ ਨਹੀਂ ਹੈ ਕਿ ਅਸੀਂ ਰੋਜ਼ ਖ਼ਬਰਾਂ ਵਿਚ ਆਈਏ ਜਾਂ ਉਨ੍ਹਾਂ ਲੋਕਾਂ ਵਰਗੇ ਬਣੀਏ ਜਿਨ੍ਹਾਂ ਬਾਰੇ ਅਸੀਂ ਬਾਈਬਲ ਵਿੱਚੋਂ ਪੜ੍ਹਦੇ ਹਾਂ। ਫਿਰ ਵੀ ਸਾਡੇ ਵਿੱਚੋਂ ਹਰ ਕੋਈ ਖ਼ੁਦਾ ਦੀ ਨਜ਼ਰ ਵਿਚ ਮਸ਼ਹੂਰ ਅਤੇ ਉਸ ਅੱਗੇ ਪ੍ਰਵਾਨ ਹੋ ਸਕਦਾ ਹੈ। ਜਦ ਸੱਤਰ ਚੇਲੇ ਇਹ ਅਨੰਦ ਕਰਦੇ ਹੋਏ ਕਿ ਭੂਤ ਉਨ੍ਹਾਂ ਦੇ ਵੱਸ ਵਿਚ ਹਨ, ਯਿਸੂ ਕੋਲ ਵਾਪਸ ਆਏ ਤਾਂ ਯਿਸੂ ਨੇ ਉਨ੍ਹਾਂ ਨੂੰ ਜਵਾਬ ਦਿੱਤਾ, ''ਇਸ ਤੋਂ ਅਨੰਦ ਨਾ ਹੋਵੇ ਕਿ ਰੂਹਾਂ ਤੁਹਾਡੇ ਵੱਸ ਵਿਚ ਹਨ ਪਰ ਇਸ ਤੋਂ ਅਨੰਦ ਹੋਵੇ ਭਈ ਤੁਹਾਡੇ ਨਾਉਂ ਸੁਰਗ ਵਿਚ ਲਿਖੇ ਹੋਏ ਹਨ'' (ਲੂਕਾ 10:20)। ਯੂਹੰਨਾ ਨੇ ਉਸ ਸਭ ਤੋਂ ਵੱਡੀ ਪਛਾਣ ਦੀ ਗੱਲ ਕੀਤੀ ਜਿਹੜੀ ਹਰ ਕਿਸੇ ਦੀ ਹੋ ਸਕਦੀ ਹੈ ਜਦ ਉਸ ਨੇ ਲਿਖਿਆ, ''ਵੇਖੋ, ਪਿਤਾ ਨੇ ਸਾਡੇ ਨਾਲ ਕਿਹੋ ਜਿਹਾ ਪ੍ਰੇਮ ਕੀਤਾ ਹੈ ਜੋ ਅਸੀਂ ਪਰਮੇਸ਼ੁਰ ਦੇ ਬਾਲਕ ਸਦਾਈਏ! ਅਤੇ ਏਹੋ ਅਸੀਂ ਹਾਂ ਵੀ'' (1 ਯੂਹੰਨਾ 3:1)। ਅਜਿਹਾ ਵਿਸ਼ੇਸ਼ ਅਧਿਕਾਰ ਪ੍ਰਾਪਤ ਵਿਅਕਤੀ ਸਚਮੁਚ ਵਿਚ ਮੁਬਾਰਕ ਹੈ ਕਿਉਂ ਜੋ ਉਹ ਮਸ਼ਹੂਰ ਆਦਮੀ ਹੈ।

*ਅਜ਼ਰਾ ਪੱਕੇ ਇਰਾਦੇ ਵਾਲਾ ਆਦਮੀ ਸੀ।* 7:10 ਵਿਚ ਉਸ ਦੇ ਸੰਕਲਪ ਬਾਰੇ ਪੜ੍ਹਦੇ ਹਾਂ: ''ਕਿਉਂ ਜੋ ਅਜ਼ਰਾ ਨੇ ਯਹੋਵਾਹ ਦੀ ਬਿਵਸਥਾ ਦੀ ਖੋਜ ਕਰਨ ਤੇ ਉਹ ਦੇ ਉੱਤੇ ਚੱਲਨ ਤੇ ਇਸਰਾਏਲ ਨੂੰ ਬਿਧੀਆਂ ਤੇ ਨਿਆਵਾਂ ਦੀ ਸਿੱਖਿਆ ਦੇਣ ਉੱਤੇ ਮਨ ਲਾਇਆ ਸੀ।'' ਅਜ਼ਰਾ ਨੇ ਖ਼ੁਦਾ ਲਈ ਵੱਡੇ–ਵੱਡੇ

ਕੰਮ ਕੀਤੇ ਕਿਉਂ ਜੋ ਉਹਨੇ ਖ਼ੁਦਾ ਲਈ ਵੱਡੇ ਵੱਡੇ ਕੰਮ ਕਰਨ ਦਾ ਧਾਰਿਆ ਸੀ। ਉਹਦੇ ਸੰਕਲਪ ਨੂੰ ਅੱਜ ਖ਼ੁਦਾ ਦੇ ਲੋਕਾਂ ਲਈ ਨਮੂਨੇ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ।

ਅਜ਼ਰਾ ਨੇ ਪਹਿਲਾਂ ਤਾਂ ''ਯਹੋਵਾਹ ਵੀ ਵਿਵਸਥਾ ਦੀ ਖੋਜ ਕਰਨ'' ਦਾ ਸੰਕਲਪ ਕੀਤਾ। ਖ਼ੁਦਾ ਦੀ ਸ਼ਰ੍ਹਾ ਦਾ ਗਿਆਨ ਅਜ਼ਰਾ ਨੂੰ ਚਮਤਕਾਰ ਨਾਲ ਨਹੀਂ ਮਿਲ ਗਿਆ, ਬਲਕਿ ਉਹਨੇ ਇਸ ਨੂੰ ਹਾਸਲ ਕਰਨ ਲਈ ਇਸ ਦੀ ਖੋਜ ਕੀਤੀ ਸੀ। ਉਹ ਨੇ ਬਿਲਕੁਲ ਇਹੀ ਕਰਨ ਦਾ ਸੰਕਲਪ ਕੀਤਾ ਸੀ।

ਦੂਜਾ, ਅਜ਼ਰਾ ਨੇ ''ਉਹਦੇ ਉੱਤੇ ਚੱਲਣ'' ਦਾ ਫ਼ੈਸਲਾ ਕੀਤਾ ਸੀ। ਉਸ ਨੇ ਸ਼ਰ੍ਹਾ ਦੀ ਖੋਜ ਸਿਰਫ਼ ਇਸ ਕਰਕੇ ਕਰਨ ਦੀ ਯੋਜਨਾ ਨਹੀਂ ਬਣਾਈ ਕਿ ਉਹ ਉਸ ਨੂੰ ਜਾਣ ਸਕੇ ਜਿਸ ਨਾਲ ਉਹ ਯਾਦ ਕਰਕੇ ਮੌਕਾ ਪੈਣ ਤੇ ਆਪਣੇ ਦੋਸਤਾਂ ਨੂੰ ਆਪਣੇ ਗਿਆਨੀ ਹੋਣ ਨੂੰ ਵਿਖਾ ਸਕੇ। ਅਜ਼ਰਾ ਨੇ ਸ਼ਰ੍ਹਾ ਨੂੰ ਇਸ ਕਰਕੇ ਸਿੱਖਣਾ ਚਾਹਿਆ ਤਾਂ ਜੋ ਉਹ ਇਸ ਉੱਤੇ ''ਚੱਲ'' ਸਕੇ, ਤਾਂ ਜੋ ਉਹ ਇਸ ਨੂੰ ਮੰਨ ਸਕੇ ਭਾਵ ਇਸ ਦੀ ਗੱਲ ਮੰਨ ਸਕੇ। ਪਰਮੇਸ਼ੁਰ ਦੇ ਵਚਨ ਦੀ ਖੋਜ ਜਾਂ ਅਧਿਐਨ ਕਰਨ ਦਾ ਸਭ ਤੋਂ ਵਧੀਆ ਮੰਤਵ ਇਹੀ ਹੈ।

ਤੀਜਾ, ਅਜ਼ਰਾ ਨੇ ਪਰਮੇਸ਼ੁਰ ਦੀਆਂ ''ਬਿਧੀਆਂ ਅਤੇ ਨਿਆਵਾਂ ਦੀ ਸਿੱਖਿਆ ਦੇਣ ਦਾ ਸੰਕਲਪ ਕੀਤਾ।'' ਇਹ ਅਜ਼ਰਾ ਦੀ ਖ਼ਾਸ ਜ਼ਿੰਮੇਵਾਰੀ ਸੀ ਭਾਵ ਉਹ ਖ਼ਾਸ ਕੰਮ ਜਿਹੜਾ ਕਰਨ ਲਈ ਖ਼ੁਦਾ ਨੇ ਅਜ਼ਰਾ ਨੂੰ ਸੱਦਿਆ ਸੀ। ਇਸ ਕਰਕੇ ਅਜ਼ਰਾ ਨੇ ਸਿਰਫ਼ ਖ਼ੁਦਾ ਦੇ ਵਚਨ ਦਾ ਅਧਿਐਨ ਕਰਨ ਦੀ ਨਹੀਂ ਜਾਂ ਇਸ ਉੱਤੇ ਚੱਲਣ ਦੀ ਹੀ ਨਹੀਂ, ਬਲਕਿ ਇਸ ਨੂੰ ਸਿਖਾਉਣ ਦੀ ਵੀ ਯੋਜਨਾ ਬਣਾਈ।

ਸਾਨੂੰ ਓਸੇ ਤਰ੍ਹਾਂ ਨਾਲ ਸਿਖਾਉਣ ਲਈ ਨਹੀਂ ਸੱਦਿਆ ਗਿਆ ਜਿਸ ਤਰ੍ਹਾਂ ਨਾਲ ਉਸ ਕੰਮ ਨੂੰ ਕਰਨ ਲਈ ਅਜ਼ਰਾ ਨੂੰ ਸੱਦਿਆ ਗਿਆ ਸੀ। ਫਿਰ ਵੀ ਕੁਝ ਹੱਦ ਤਕ ਅਸੀਂ ਸਾਰੇ ਦੂਜਿਆਂ ਨੂੰ ਸਿਖਾ ਸਕਦੇ ਹਾਂ। ਮਾਪਿਆਂ ਦੇ ਰੂਪ ਵਿਚ ਸਾਨੂੰ ਆਪਣੇ ਬੱਚਿਆਂ ਨੂੰ ਸਿਖਾਉਣਾ ਜ਼ਰੂਰੀ ਹੈ। ਬਜ਼ੁਰਗ ਔਰਤਾਂ ਤੋਂ ਮੁਟਿਆਰਾਂ ਨੂੰ ਸਿਖਾਉਣ ਦੀ ਉਮੀਦ ਕੀਤੀ ਜਾਂਦੀ ਹੈ (ਤੀਤੁਸ 2:4)। ਸਾਡੀਆਂ ਬਾਈਬਲ ਕਲਾਸਾਂ ਵਿਚ ਸਾਡੇ ਵਿੱਚ ਬਹੁਤਿਆਂ ਨੂੰ ਬਾਲਕਾਂ ਅਤੇ ਬਾਲਗਾਂ ਦੋਹਾਂ ਨੂੰ ਸਿਖਾਉਣ ਦਾ ਮੋਕਾ ਹੈ। ਐਲਡਰਾਂ ਲਈ ਸਿਖਾਉਣਾ ਜ਼ਰੂਰੀ ਹੈ। (1 ਤਿਮੋਥਿਉਸ 3:2)। ਪ੍ਰਚਾਰਕਾਂ ਲਈ ਸਿਖਾਉਣਾ ਜ਼ਰੂਰੀ ਹੈ (2 ਤਿਮੋਥਿਉਸ 2:2, 24)। ਜੇ ਅਸੀਂ ਇਨ੍ਹਾਂ ਵਿੱਚੋਂ ਕਿਸੇ ਵੀ ਤਰੀਕੇ ਨਾਲ ਸਿਖਾਉਂਦੇ ਨਹੀਂ ਹਾਂ ਤਾਂ ਸਾਨੂੰ ਸਾਰਿਆਂ ਨੂੰ ਜੋ ਕੁਝ ਅਸੀਂ ਖ਼ੁਦਾ ਦੇ ਵਚਨ ਬਾਰੇ ਜਾਣਦੇ ਹਾਂ ਉਸ ਨੂੰ ਦੂਜਿਆਂ ਨਾਲ ਭਾਵ ਪਰਿਵਾਰ ਦੇ ਲੋਕਾਂ ਨਾਲ, ਆਪਣੇ ਰਿਸ਼ਤੇਦਾਰਾਂ ਨਾਲ, ਗੁਆਂਢੀਆਂ ਨਾਲ, ਦੋਸਤਾਂ ਨਾਲ ਅਤੇ ਨਾਲ ਕੰਮ ਕਰਨ ਵਾਲਿਆਂ ਨਾਲ ਵੰਡਣ ਦਾ ਮੌਕਾ ਮਿਲਦਾ ਹੈ। ਸਾਨੂੰ ਆਪਣੇ ਆਪ ਨੂੰ ਤਿਆਰ ਕਰਨਾ ਜ਼ਰੂਰੀ ਹੈ ਤਾਂ ਜੋ, ਮੌਕਾ ਮਿਲਣ ਤੇ ਅਸੀਂ ਜੋ ਕੁਝ ਬਾਈਬਲ ਦੱਸਦੀ ਹੈ ਉਸ ਬਾਰੇ ਦੂਜਿਆਂ ਨਾਲ ਗੱਲ ਕਰਨ ਦੇ ਯੋਗ ਹੋਈਏ।

ਸਿਖਾਉਣ ਨਾਲ ਹੋਰ ਵੀ ਅਧਿਐਨ ਕਰਨ ਨੂੰ ਮਿਲ ਜਾਂਦਾ ਹੈ। ਸਿਖਾਉਣ ਦੀ ਇੱਛਾ ਬਾਈਬਲ ਬਾਰੇ ਹੋਰ ਜਾਣਨ ਦੀ ਇੱਛਾ ਪੈਦਾ ਕਰਦੀ ਹੈ। ਜਦ ਅਸੀਂ ਦੂਜਿਆਂ ਨਾਲ ਖ਼ੁਦਾ ਦੇ ਵਚਨ ਦੀ ਆਪਣੀ ਸਮਝ ਨੂੰ ਸਾਂਝਾ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਉਨ੍ਹਾਂ ਦੇ ਸਵਾਲਾਂ ਨਾਲ ਸਾਨੂੰ ਬਾਈਬਲ ਵਿਚ ਜਾ ਕੇ ਹੋਰ ਵੀ ਸਿੱਖਣ ਦੀ ਪ੍ਰੇਰਣਾ ਮਿਲਦੀ ਹੈ। ਵਚਨ ਵਿਚ ਬਿਤਾਇਆ ਗਿਆ ਸਮਾਂ ਬਦਲੇ ਵਿਚ ਦੂਜਿਆਂ ਨਾਲ ਸਿੱਖੇ ਗਏ ਨੂੰ ਸਾਂਝਾ ਕਰਨ ਵਿਚ ਸਾਡੇ ਜੋਸ਼ ਵਿਚ ਵਾਧਾ ਕਰੇਗਾ ਅਤੇ ਇਸ ਤਰ੍ਹਾਂ ਨਾਲ ਇਹ ਚੱਕਰ ਚੱਲਦਾ ਰਹੇਗਾ। ਆਓ ਅਜ਼ਰਾ ਵਾਂਗ ਅਸੀਂ ਵੀ ''ਯਹੋਵਾਹ ਦੀ ਬਿਵਸਥਾ ਦੀ ਖੋਜ ਕਰਨ ਤੇ ਉਹ ਦੇ ਉੱਤੇ ਚੱਲਨ ਤੇ ਇਸਰਾਏਲ ਨੂੰ ਬਿਧੀਆਂ ਤੇ ਨਿਆਵਾਂ ਦੀ ਸਿੱਖਿਆ ਦੇਣ'' ਦਾ ਸੰਕਲਪ ਕਰੀਏ (7:10)।

*ਅਜ਼ਰਾ ਇਕ ਸਤਕਾਰਤ ਵਿਅਕਤੀ ਸੀ।* ਅਧਿਆਇ 7 ਦਾ ਬਹੁਤਾ ਹਿੱਸਾ ਅਰਤਹਸ਼ਸ਼ਤਾ ਰਾਜੇ ਦੀ ਚਿੱਠੀ ਦੀ ਨਕਲ ਹੈ ਜਿਸ ਵਿਚ ਅਜ਼ਰਾ ਨੂੰ ਆਪਣਾ ਕੰਮ ਕਰਨ ਦਾ ਇਖ਼ਤਿਆਰ ਦਿੱਤਾ

ਗਿਆ ਸੀ। ਚਿੱਠੀ ਵਿਚ ਇਹ ਇੰਤਜ਼ਾਮ ਕੀਤੇ ਗਏ ਸਨ: (1) ਕੋਈ ਵੀ ਯਹੂਦੀ ਜਿਹੜਾ ਚਾਹੇ ਉਹ ਅਜ਼ਰਾ ਦੇ ਨਾਲ ਵਾਪਸ ਜਾ ਸਕਦਾ ਸੀ (7:13)। (2) ਅਜ਼ਰਾ ਨੇ ''ਆਪਣੇ ਪਰਮੇਸ਼ੁਰ ਦੀ ਬਿਵਸਥਾ ਅਨੁਸਾਰ ਜੋ ਤੇਰੇ ਹੱਥ ਵਿੱਚ ਹੈ ਯਹੂਦਾਹ ਤੇ ਯਰੂਸ਼ਲਮ ਦੇ ਵਿਖੇ ਪੁੱਛ ਗਿੱਛ'' ਕਰਨੀ ਸੀ (7:14)। ਦੂਜੇ ਸ਼ਬਦਾਂ ਵਿਚ ਅਜ਼ਰਾ ਦਾ ਕੰਮ ਇਹ ਪਤਾ ਲਾਉਣਾ ਸੀ ਕਿ ਯਹੂਦੀਆਂ ਵੱਲੋਂ ਖ਼ੁਦਾ ਦੀ ਸ਼ਰ੍ਹਾ ਨੂੰ ਮੰਨਿਆ ਜਾ ਰਿਹਾ ਹੈ ਜਾਂ ਨਹੀਂ। (3) ਅਜ਼ਰਾ ਨੇ ਹੈਕਲ ਲਈ ਯਹੂਦੀਆਂ ਤੋਂ ਮਨਮਰਜ਼ੀ ਦੀਆਂ ਭੇਟਾਂ ਦੇ ਨਾਲ ਨਾਲ ਫ਼ਾਰਸੀ ਰਾਜੇ ਵੱਲੋਂ ਮਹਿੰਗੇ ਤੋਹਫ਼ੇ ਲੈਣੇ ਸਨ। ਉਹਨੇ ਇਨ੍ਹਾਂ ਤੋਹਫ਼ਿਆਂ ਦੀ ਵਰਤੋਂ ਕੁਰਬਾਨੀਆਂ ਦਿੱਤੇ ਜਾਣ ਵੇਲੇ ਕਰਨੀ ਸੀ। ਇਸ ਤੋਂ ਇਲਾਵਾ ਫ਼ਾਰਸੀ ਰਾਜੇ ਨੇ ਕਿਸੇ ਵੀ ਹੋਰ ਲੋੜ ਨੂੰ ਪੂਰਾ ਕਰਨ ਲਈ ਆਪਣੇ ਖ਼ਜ਼ਾਨੇ ਵਿੱਚੋਂ ਖਰਚ ਕਰਨਾ ਸੀ ਅਤੇ ਸਥਾਨਕ ਹਾਕਮਾਂ ਨੂੰ ਯਹੂਦੀਆਂ ਦੀ ਲੋੜ ਦੇ ਮੁਤਾਬਕ ਆਪਣੇ ਖ਼ਜ਼ਾਨਿਆਂ ਵਿੱਚੋਂ ਦੇਣ ਦੀ ਹਦਾਇਤ ਕੀਤੀ ਗਈ ਸੀ (7:20–22)। (4) ਯਾਜਕਾਂ ਅਤੇ ਹੈਕਲ ਦੇ ਕਰਮਚਾਰੀਆਂ ਨੂੰ ਟੈਕਸ ਦੇਣ ਤੋਂ ਛੂਟ ਸੀ (7:24)। (5) ਲੋਕਾਂ ਨੂੰ ਨਿਆਈ ਠਹਿਰਾ ਕੇ ਅਤੇ ਸ਼ਰ੍ਹਾ ਨੂੰ ਸਿਖਾ ਕੇ ਅਜ਼ਰਾ ਨੇ ਖ਼ੁਦਾ ਦੀ ਸ਼ਰ੍ਹਾ ਨੂੰ ਲਾਗੂ ਕਰਵਾਉਣਾ ਸੀ (7:25)। (6) ਖ਼ੁਦਾ ਦੀ ਸਰ੍ਹਾ ਜਾਂ ਰਾਜੇ ਦੇ ਕਾਨੂੰਨ ਕਿਸੇ ਨੂੰ ਵੀ ਨਾ ਮੰਨਣ ਵਾਲੇ ਵਿਅਕਤੀ ਨੂੰ ਮੌਤ, ਦੇਸ਼ ਨਿਕਾਲਾ ਦੇਣ ਅਤੇ ਉਸ ਦੀ ਜਾਇਦਾਦ ਜਬਤ ਕਰਨ ਜਾਂ ਉਸ ਨੂੰ ਕੈਦ ਦੀ ਸਜ਼ਾ ਦਿੱਤੀ ਜਾਣੀ ਸੀ (7:26)।

ਅਜ਼ਰਾ ਨੇ ਫ਼ਾਰਸੀ ਰਾਜੇ ਦੇ ਇੰਤਜ਼ਾਮਾਂ ਦਾ ਜਵਾਬ ਇਨ੍ਹਾਂ ਸ਼ਬਦਾਂ ਨਾਲ ਦਿੱਤਾ:

> ਯਹੋਵਾਹ ਸਾਡੇ ਪਿਉ ਦਾਦਿਆਂ ਦਾ ਪਰਮੇਸ਼ੁਰ ਮੁਬਾਰਕ ਹੋਵੇ ਜਿਹ ਨੇ ਏਹੋ ਜਿਹੀ ਗੱਲ ਪਾਤਸ਼ਾਹ ਦੇ ਮਨ ਵਿੱਚ ਪਾਈ ਭਈ ਉਹ ਯਹੋਵਾਹ ਦੇ ਭਵਨ ਨੂੰ ਜੋ ਯਰੂਸ਼ਲਮ ਵਿੱਚ ਹੈ ਸਵਾਰੇ ਅਤੇ ਪਾਤਸ਼ਾਹ ਤੇ ਉਹ ਦੇ ਮੰਤਰੀਆਂ ਦੇ ਸਨਮੁਖ ਅਤੇ ਪਾਤਸ਼ਾਹ ਦੇ ਸਾਰੇ ਬਲਵੰਤ ਸਰਦਾਰਾਂ ਦੇ ਅੱਗੇ ਮੇਰੇ ਉੱਤੇ ਦਯਾ ਦਰਿਸ਼ਟੀ ਕੀਤੀ ਹੈ ਸੋ ਮੈਂ ਯਹੋਵਾਹ ਆਪਣੇ ਪਰਮੇਸ਼ੁਰ ਦੇ ਹੱਥੋਂ ਜੋ ਮੇਰੇ ਉੱਤੇ ਸੀ ਬਲ ਪਾਇਆ ਅਤੇ ਮੈਂ ਇਸਰਾਏਲ ਵਿੱਚੋਂ ਮੁਖੀਆਂ ਨੂੰ ਇਕੱਠਾ ਕੀਤਾ ਭਈ ਓਹ ਮੇਰੇ ਨਾਲ ਉਤਾਹਾਂ ਚੱਲਣ (7:27, 28)।

ਅਰਤਹਸ਼ਸ਼ਤਾ ਵੱਲੋਂ ਮੰਗੀ ਗਈ ਹਰ ਚੀਜ਼ ਮਿਲ ਜਾਣ ਤੇ ਅਜ਼ਰਾ ਦੇ ਮਨ ਵਿਚ ਸਭ ਤੋਂ ਪਹਿਲਾਂ ਖ਼ੁਦਾ ਵੱਲੋਂ ਮਿਲੀਆਂ ਬਰਕਤਾਂ ਲਈ ਉਹਦੀ ਸ਼ੁਕਰਗੁਜ਼ਾਰੀ ਦੀ ਗੱਲ ਆਈ। ਜੇ ਅਸੀਂ ਉਸ ਦੀ ਥਾਂ ਹੁੰਦੇ ਅਸੀਂ ਇਹ ਕਹਿਣਾ ਸੀ, ''ਕਿੰਨੀ ਚੰਗੀ ਕਿਸਮਤ ਹੈ!'' ਜਾਂ ''ਰਾਜਾ ਮੇਰੀਆਂ ਗੱਲਾਂ ਤੋਂ ਮਸਤ ਹੋ ਗਿਆ ਹੋਵੇਗਾ!'' ਜਾਂ ''ਜਦ ਮੈਂ ਰਾਜੇ ਅੱਗੇ ਬੇਨਤੀ ਕੀਤੀ ਤਾਂ ਜ਼ਰੂਰ ਉਹਦਾ ਮੂਡ ਚੰਗਾ ਰਿਹਾ ਹੋਵੇਗਾ!'' ਅਜ਼ਰਾ ਦਾ ਵਿਚਾਰ ਫ਼ਰਕ ਸੀ, ਕਿਉਂ ਜੋ ਉਸ ਨੇ ਰਾਜੇ ਦੀ ਭਲਿਆਈ ਵਿਚ ਖ਼ੁਦਾ ਦੇ ਕੰਮ ਕਰਨ ਨੂੰ ਵੇਖਿਆ। ਘਰ ਵਾਪਸੀ ਦੀ ਅਜ਼ਰਾ ਦੀ ਬੇਨਤੀ ਨੂੰ ਮੰਨਣ ਵਿਚ ਅਤੇ ਅਜ਼ਰਾ ਦੀਆਂ ਕੋਸ਼ਿਸ਼ਾਂ ਦੀ ਕਾਮਯਾਬੀ ਵਿਚ ਖੁੱਲ੍ਹਦਿਲੀ ਨਾਲ ਮਦਦ ਕਰਨ ਦੇ ਉਸ ਦੇ ਫ਼ੈਸਲੇ ਵਿਚ, ਕਿਸੇ ਨਾ ਕਿਸੇ ਤਰ੍ਹਾਂ ਬਾਦਸ਼ਾਹ ਦੇ ਮਨ ਨੂੰ ਨਰਮ ਕਰਨ ਵਿਚ ਖ਼ੁਦਾ ਦਾ ਹੱਥ ਸੀ। ਇਸ ਕਰਕੇ ਕਿਸੇ ਵੀ ਹੋਰ ਨਾਲੋਂ ਵਧ ਕੇ, ਅਜ਼ਰਾ ਲਈ ਅਤੇ ਵਾਪਸ ਆਉਣ ਵਾਲੇ ਹੋਰਨਾਂ ਲਈ, ਸਭ ਕੁਝ ਠੀਕ ਹੋਣ ਤੇ ਖ਼ੁਦਾ ਦੀ ਸ਼ੁਕਰਗੁਜ਼ਾਰੀ ਅਤੇ ਵਡਿਆਈ ਕਰਨੀ ਜ਼ਰੂਰੀ ਸੀ। ਖ਼ੁਦਾ ਦੀ ਮਦਦ ਨਾਲ ਹੀ ਅਜ਼ਰਾ ਯਹੂਦੀ ਧਰਮ ਦੇ ਸੁਧਾਰ ਕਰਨ ਵਿਚ ਸਫ਼ਲ ਹੋਇਆ ਸੀ।

*ਸਾਰ।* ਜੇ ਅੱਜ ਸਾਨੂੰ ਕਲੀਸੀਆ ਵਿਚ ਬੇਦਾਰੀ ਦੀ ਸਚਮੁਚ ਲੋੜ ਹੈ ਤਾਂ ਸਾਨੂੰ ਉਹ ਬੇਦਾਰੀ ਲਿਆਉਣ ਲਈ ਅੱਗੇ ਲੱਗਣ ਵਿਚ ਕਿਹੋ ਜਿਹੇ ਲੋਕ ਚਾਹੀਦੇ ਹਨ? ਉਹ ਅਜ਼ਰਾ ਵਰਗੇ ਹੋਣ ਭਾਵ ਜਿਨ੍ਹਾਂ ਨੂੰ ਖ਼ੁਦਾ ਵੱਲੋਂ ਜਾਣਿਆ ਅਤੇ ਮੰਨਿਆ ਜਾਂਦਾ ਹੋਵੇ: ਪੱਕੇ ਇਰਾਦੇ ਵਾਲੇ, ਖ਼ੁਦਾ ਦੀ ਸ਼ਰ੍ਹਾ ਦੀ ਖੋਜ ਕਰਕੇ ਉਸ ਨੂੰ ਮੰਨਣ ਅਤੇ ਦੂਜਿਆਂ ਨੂੰ ਸਿਖਾਉਣ ਦਾ ਸੰਕਲਪ ਲੈਣ ਵਾਲੇ; ਸਤਕਾਰਤ ਲੋਕ,

ਜਿਹੜੇ ਖ਼ੁਦਾ ਦੀ ਹਜ਼ੂਰੀ ਅਤੇ ਖ਼ੁਦਾ ਦੀ ਸ਼ਕਤੀ ਨੂੰ ਮੰਨਣ ਲਈ ਤਿਆਰ ਹੋਣ ਅਤੇ ਉਸ ਦੀਆਂ ਰਹਿਮਤਾਂ ਲਈ ਉਸ ਦੀ ਸ਼ੁਕਰਗੁਜ਼ਾਰੀ ਕਰਦੇ ਰਹਿਣ ਵਾਲੇ ਹੋਣ! ਖ਼ੁਦਾ ਪੰਜਵੀਂ ਸਦੀ ਈ.ਪੂ. ਵਿਚ ਅਜ਼ਰਾ ਨੂੰ ਇਸਤੇਮਾਲ ਕਰ ਸਕਿਆ। ਉਹ ਇੱਕੀਵੀਂ ਸਦੀ ਈਸਵੀ ਵਿਚ ਸਾਨੂੰ ਇਸਤੇਮਾਲ ਕਰ ਸਕਦਾ ਹੈ। ਖ਼ੁਦਾ ਨੂੰ ਕਿਸੇ ਅਜਿਹੇ ਸ਼ਖ਼ਸ ਦੀ ਲੋੜ ਸੀ ਜਿਹੜਾ ਉਸ ਦੇ ਲੋਕਾਂ ਦੇ ਅੰਦਰ ਰੌਸ਼ਨੀ ਜਗਾ ਸਕੇ, ਇਸ ਕਰਕੇ ਉਸ ਨੇ ਅਜ਼ਰਾ ਨੂੰ ਇਸਤੇਮਾਲ ਕੀਤਾ। ਅੱਜ ਖ਼ੁਦਾ ਦੇ ਲੋਕਾਂ ਦੇ ਦਿਲਾਂ ਵਿਚ ਰੌਸ਼ਨੀ ਕੌਣ ਜਗਾਵੇਗਾ?

**ਖ਼ੁਦਾ ਦਾ ਹੱਥ** (7:6, 9, 28)

ਅਜ਼ਰਾ 7 ਵਿਚ ਤਿੰਨ ਵਾਰ ਅਸੀਂ ਅਜ਼ਰਾ ਉੱਤੇ ਖ਼ੁਦਾ ਦੇ ''ਹੱਥ'' ਦੇ ਹੋਣ ਦੀ ਗੱਲ ਪੜ੍ਹਦੇ ਹਾਂ (7:6, 9, 28)। ਖ਼ੁਦਾ ਨੇ ਉਸ ਨੂੰ ਆਪਣੀ ਇੱਛਾ ਪੂਰੀ ਕਰਨ ਲਈ ਉਸ ਦੀ ਰੱਖਿਆ ਕੀਤੀ ਅਤੇ ਉਸ ਨੂੰ ਸਮਰੱਥਾ ਦਿੱਤੀ।

ਖ਼ੁਦਾ ਦੇ ''ਹੱਥ'' ਦੇ ਰੂਪ ਵਿਚ ਮਨੁੱਖਰੂਪੀ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ ਜਿਸ ਵਿਚ ਖ਼ੁਦਾ ਨੂੰ ਮਨੁੱਖੀ ਗੁਣਾਂ ਵਾਲਾ ਦੱਸਿਆ ਗਿਆ ਹੈ। ਇਹ ਵਾਕ ਰਚਨਾ ਖ਼ੁਦਾ ਦੀ ਸੰਭਾਲ ਅਤੇ ਮਨੁੱਖੀ ਮਾਮਲਿਆਂ ਉੱਤੇ ਉਸ ਦੇ ਕੰਟਰੋਲ ਨੂੰ ਵਿਖਾਉਂਦਾ ਹੈ, ਅਤੇ ਇਹ ਦਲੇਰੀ ਦੇਣ ਵਾਲਾ ਰੂਪ ਹੈ। ਸਾਨੂੰ ਯਾਦ ਆਉਂਦਾ ਹੈ ਕਿ ਜਦੋਂ ਅਸੀਂ ਵੱਡੇ ਹੋ ਰਹੇ ਸਾਂ ਸਾਡੇ ਆਪਣੇ ਮਾਪਿਆਂ ਦੇ ਹੱਥ ਨਾਲ ਕਿਵੇਂ ਸਾਨੂੰ ਤਸੱਲੀ ਅਤੇ ਮਦਦ ਮਿਲਣੀ ਸੀ। ਇਕ ਗੀਤ ਜਿਹੜਾ ਕਈ ਸਾਲਾਂ ਤੋਂ ਮਸ਼ਹੂਰ ਹੈ, ਇਸ ਤਰ੍ਹਾਂ ਹੈ, ''ਉਸ ਨੇ ਸਾਰੀ ਦੁਨੀਆਂ ਨੂੰ ਆਪਣੇ ਹੱਥ ਵਿਚ ਲੈ ਲਿਆ ਹੈ।'' ਅਸਲ ਵਿਚ ਖ਼ੁਦਾ ਨੇ ਸਚਮੁਚ ਵਿਚ ''ਸਾਰੀ ਦੁਨੀਆਂ'' ਨੂੰ ਆਪਣੇ ਹੱਥਾਂ ਵਿਚ ਲੈ ਲਿਆ ਹੈ ਅਤੇ ਉਹ ਰੱਬੀ ਇੰਤਜ਼ਾਮ ਦੇ ਰਾਹੀਂ ਆਪਣੇ ਲੋਕਾਂ ਦੀ ਦੇਖਭਾਲ ਕਰਦਾ ਅਤੇ ਇਸ ਗੱਲ ਦਾ ਧਿਆਨ ਰਖਦਾ ਹੈ ਕਿ ਉਸ ਦੀ ਇੱਛਾ ਪੂਰੀ ਹੋਵੇ। ਅਸੀਂ ਯਹੋਵਾਹ ਦਾ ਧੰਨਵਾਦ ਕਰ ਸਕਦੇ ਹਾਂ ਕਿ ਉਸ ਦੇ ਹੱਥ ਸਚਮੁਚ ''ਭਲਿਆਈ'' ਵਾਲੇ ਹਨ (7:9)।

ਸਾਨੂੰ ਖ਼ੁਦਾ ਦੇ ਹੱਥਾਂ ਦੇ ਮਨੁੱਖੀ ਰੂਪ ਦੀ ਗੱਲ ਦੇ ਇਕ ਹੋਰ ਪਹਿਲੂ ਦੀ ਸਮਝ ਹੋਣੀ ਜ਼ਰੂਰੀ ਹੈ। ਇਕ ਪਿਤਾ ਦੇ ਹੱਥ ਸਿਰਫ਼ ਦਲੇਰੀ ਦੇਣ ਅਤੇ ਲਗਾਅ ਵਿਖਾਉਣ ਲਈ ਹੀ ਨਹੀਂ ਵਰਤੇ ਜਾਂਦੇ ਬਲਕਿ ਆਪਣੇ ਗਲਤੀ ਕਰਨ ਵਾਲੇ ਬੱਚਿਆਂ ਨੂੰ ਡਾਂਟਣ ਅਤੇ ਸਜ਼ਾ ਦੇਣ ਲਈ ਵੀ ਵਰਤੇ ਜਾਂਦੇ ਹਨ। ਇਸੇ ਤਰ੍ਹਾਂ ਨਾਲ ਖ਼ੁਦਾ ਦੇ ਹੱਥਾਂ ਨੂੰ ਪ੍ਰਤੀਕ ਵਜੋਂ ਉਨ੍ਹਾਂ ਮਾਧਿਅਮਾਂ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ ਜਿਨ੍ਹਾਂ ਦੀ ਵਰਤੋਂ ਉਹ ਗਲਤ ਕੰਮ ਕਰਨ ਵਾਲਿਆਂ ਨੂੰ ਸਜ਼ਾ ਦੇਣ ਲਈ ਕਰਦਾ ਹੈ। ਜਦ ਅਸੀਂ ਉਸ ਦੇ ਹੱਥਾਂ ਨੂੰ ਅਜਿਹੇ ਨਜ਼ਰੀਏ ਨਾਲ ਵੇਖਦੇ ਹਾਂ ਤਾਂ ਸਾਨੂੰ ਇਬਰਾਨੀਆਂ ਦੇ ਲੇਖਕ ਵਾਂਗ ਇਹ ਮੰਨਣਾ ਪਵੇਗਾ, ''ਜੀਉਂਦੇ ਪਰਮੇਸ਼ੁਰ ਦੇ ਹੱਥ ਵਿਚ ਪੈਣਾ ਭਿਆਣਕ ਗੱਲ ਹੈ'' (ਇਬਰਾਨੀਆਂ 10:31)।

**ਅਜ਼ਰਾ ਦਾ ਸੰਕਲਪ** (7:10)

ਅਜ਼ਰਾ 7:10 ਨਵੇਂ ਸਾਲ ਲਈ ਸਬਕ ਦੇਣ ਲਈ ਇਕ ਸ਼ਾਨਦਾਰ ਹਵਾਲਾ ਹੈ। ਇਹ ਦੱਸਣ ਤੋਂ ਬਾਅਦ ਕਿ ਨਵਾਂ ਸਾਲ ਕਿਵੇਂ ਸੰਕਲਪ ਲੈਣ ਦਾ ਵਧੀਆ ਸਮਾਂ ਹੁੰਦਾ ਹੈ, ਟੀਚਰ ਸਭ ਮਸੀਹੀ ਲੋਕਾਂ ਦੇ ਮੰਨੇ ਜਾਣ ਲਈ ਇਕ ਚੰਗੀ ਉਦਾਹਰਣ ਦਿੰਦਿਆਂ ਅਜ਼ਰਾ ਦੇ ਸੰਕਪਲ ਦੀ ਗੱਲ ਕਰ ਸਕਦਾ ਹੈ। ਸਾਨੂੰ ਸਾਰਿਆਂ ਨੂੰ (1) ਖ਼ੁਦਾ ਦੇ ਵਚਨ ''ਦੀ ਖੋਜ ਕਰਨ,'' (2) ''ਇਸ ਉੱਤੇ ਚੱਲਣ'' ਅਤੇ (3) ''ਇਸ ਦੀ ਸਿੱਖਿਆ'' ਦੂਜਿਆਂ ਨੂੰ ਦੇਣ ਦਾ ਸੰਕਲਪ ਲੈਣਾ ਚਾਹੀਦਾ ਹੈ।

ਟਿੱਪਣੀਆਂ

[1]ਅਸਤਰ ਦੀ ਕਿਤਾਬ ਦੀਆਂ ਘਟਨਾਂਵਾਂ ਸਮੇਂ ਦੇ ਇਸ ਕਾਲ ਦੌਰਾਨ ਵਾਪਰੀਆਂ ਅਤੇ ਉਨ੍ਹਾਂ ਨੇ ਯਹੂਦਾ ਦੇ ਰਹਿਣ ਵਾਲਿਆਂ ਨੂੰ ਪ੍ਰਭਵਿਤ ਕੀਤਾ; ਪਰ ਅਜ਼ਰਾ ਦੀ ਕਿਤਾਬ ਦੇ ਲੇਖਕ ਨੇ ਉਨ੍ਹਾਂ ਦਾ ਜ਼ਿਕਰ ਨਹੀਂ ਕੀਤਾ। [2]ਕਈਆਂ ਦਾ ਮੰਨਣਾ ਹੈ ਕਿ ਜਿਸ ਅਰਤਹਸ਼ਸ਼ਤਾ ਦੀ ਗੱਲ ਕੀਤੀ ਗਈ ਹੈ ਉਹ ਅਰਤਹਸ਼ਸ਼ਤਾ ਦੂਜਾ ਸੀ। ਇੱਥੇ ਅਜ਼ਰਾ ਦਾ ਯਰੂਸ਼ਲਮ ਨੂੰ ਜਾਣਾ ਲਗਭਗ 398 ਈ.ਪੂ. ਵਿਚ ਹੋਇਆ ਹੋਵੇਗਾ। [3]1 ਇਤਹਾਸ 6:3–15 ਵਾਲੀ ਕੁਲਪੱਤਰੀ, ਭਾਵੇਂ ਉਹ ਵੀ ਅਧੂਰੀ ਹੈ, ਵਿਚ ਹਾਰੂਨ ਤੋਂ ਅਸੀਰੀ ਤਕ ਦੀਆਂ ਤੇਈ ਪੀੜ੍ਹੀਆਂ ਹਨ। [4]*ਹਾਰਪਰਸ ਬਾਈਬਲ ਡਿਕਸ਼ਨਰੀ*, ਸੰਪਾ. ਜੇਮਸ ਐੱਲ. ਮੇਅਸ (ਸੈਨ ਫ਼੍ਰਾਂਸਿਸਕੋ: ਹਾਰਪਰ ਐਂਡ ਰੋ, 1988), 376 ਵਿਚ ਰਾਲਫ਼ ਡਬਲਯੂ. ਕਲੇਨ, ''ਅਜ਼ਰਾ।'' [5]*ਦ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ*, ਜਿਲਦ 4, *1 ਰਾਜਿਆਂ–ਅੱਯੂਬ*, ਸੰਪਾ. ਫ਼੍ਰੈਂਕ ਈ. ਗੇਬਲਾਇਨ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1988), 649 ਵਿਚ ਐਡਵਿਨ ਐੱਮ. ਯਾਮੋਚੀ, ''ਅਜ਼ਰਾ–ਨਹਮਯਾਹ।'' [6]ਉੱਥੇ ਹੀ, 650. [7]ਚਾਰਲਸ ਟੀ. ਫਰਿੱਸ਼, ''ਦ ਬੁਕ ਆਫ਼ ਅਜ਼ਰਾ,'' *ਦ ਇੰਟਰਪ੍ਰੇਟਰ'ਜ਼ ਵਨ–ਵੌਲਿਊਮ ਕਮੈਂਟਰੀ ਆਨ ਦ ਬਾਈਬਲ*, ਸੰਪਾ. ਚਾਰਲਸ ਐੱਮ. ਲੇਅਮੋਨ (ਨੈਸ਼ਵਿਲ: ਅਬਿੰਗਡਨ ਪ੍ਰੈੱਸ, 1971), 225. [8]ਡੇਰੇਕ ਕਿਡਨਰ, *ਅਜ਼ਰਾ ਐਂਡ ਨਹਮਯਾਹ*, ਡਾਉਨਰਜ਼ ਗ੍ਰੋਵ, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਉਨਰਜ਼ ਗ੍ਰੋਵ, ਇਲਿਨੋਇ: ਇੰਟਰ–ਵਰਸਿਟੀ ਪ੍ਰੈੱਸ, 1979), 63. [9]ਕੀਥ ਐਨ. ਸ਼ੋਵਿੱਲ, *ਅਜ਼ਰਾ–ਨਹਮਯਾਹ*, ਦ ਕਾਲਜ ਪ੍ਰੈੱਸ NIV ਕਮੈਂਟਰੀ (ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 2001), 103–4. [10]''ਦੇਸ਼ ਨਿਕਾਲਾ'' (*sh$^e$roshu*, *ਸ਼ੇਰੋਸ਼ੂ*) ਦਾ ਮੂਲ ਅਰਥ ਹੈ ''ਜੜ੍ਹੋਂ ਪੁੱਟਿਆ ਜਾਣਾ।''

[11]ਉਦਾਹਰਣ ਲਈ, ਜੇਮਸ ਬਰਟਨ ਕੌਫ਼ਮੈਨ ਨੇ ਲਿਖਿਆ ਕਿ ਅਰਤਹਸ਼ਸ਼ਤਾ ਦੀ ਚਿੱਠੀ ਨੇ ''ਅਜ਼ਰਾ ਨੂੰ ਦਰਿਆਉਂ ਪਾਰ ਦੇ ਸਾਰੇ ਫ਼ਾਰਸੀ ਸੂਬੇ ਉੱਤੇ ਲਗਭਗ ਤਾਨਾਸ਼ਾਹੀ ਵਾਲਾ ਅਧਿਕਾਰ ਦੇ ਦਿੱਤਾ। ਇਸ ਤੋਂ ਇਲਾਵਾ ... ਇਸ ਵਿਚ ਰਾਜੇ ਦੇ ਕਾਨੂੰਨ ਦੇ ਨਾਲ–ਨਾਲ ਮੂਸਾ ਦੀ ਸਰ੍ਹਾ ਨੂੰ ਦੇਸ਼ ਦਾ ਸਰਵਉੱਚ ਕਾਨੂੰਨ ਮੰਨਿਆ ਗਿਆ, ਜਿਸ ਵਿਚ ਇੱਥੇ ਦੋਹਾਂ ਨੂੰ ਇੱਕੋ ਹੀ ਸਮਝਿਆ ਗਿਆ'' (ਜੇਮਸ ਬਰਟਨ ਕੌਫ਼ਮੈਨ ਐਂਡ ਥੇਲਮਾ ਬੀ. ਕੌਫ਼ਮੈਨ, *ਕਮੈਂਟਰੀ ਆਨ ਅਜ਼ਰਾ, ਨਹਮਯਾਹ ਐਂਡ ਅਸਤਰ* [ਅਬਿਲੇਨ, ਟੈਕਸਸ: ਏਸੀਯੂ ਪ੍ਰੈੱਸ, 1993], 66)। [12]ਵਿਲਹਮ ਰੁਡਲਫ਼, *ਅਜ਼ਰਾ ਐਂਡ ਨਹਮਯਾਹ* (ਟਿਯੂਬਿੰਗਨ: ਜੇ. ਸੀ. ਬੀ. ਮੋਹਰ, 1949), 74. [13]ਜੇਕਬ ਐੱਮ. ਮਾਇਰਸ, *ਅਜ਼ਰਾ, ਨਹੇਮਯਾਹ*, ਦ ਐਂਕਰ ਬਾਈਬਲ, ਜਿਲਦ 14 (ਗਾਰਡਨ ਸਿਟੀ, ਨਿਊ ਯਾਰਕ: ਡਬਲਡੇਅ ਐਂਡ ਕੰ., 1965), 60–61. [14]ਉੱਥੇ ਹੀ, 62–63. [15]ਆਪਣੇ ਇਤਹਾਸ ਵਿਚ ਕਈ ਵਾਰ (ਖ਼ਾਸਕਰ ਪੁਰਾਣੇ ਨੇਮ ਅਤੇ ਨਵੇਂ ਨੇਮ ਦੇ ਵਿਚਕਾਰਲੇ ਕਾਲ ਵਿਚ) ਯਹੂਦੀ ਲੋਕ ਗੈਰਕੌਮਾਂ ਨੂੰ ਯਹੂਦੀ ਧਰਮ ਵਿਚ ''ਬਦਲਣ'' ਲਈ ਜ਼ਬਰਦਸਤੀ ਕਰਦੇ ਸਨ। ਪਰ ਸ਼ਰ੍ਹਾ ਵਿਚ ਅਜਿਹਾ ਕਰਨ ਦੀ ਕਦੇ ਮੰਜ਼ੂਰੀ ਨਹੀਂ ਦਿੱਤੀ ਗਈ (ਅਤੇ ਇਹਦਾ ਮਤਲਬ ਇਹ ਹੋਇਆ ਕਿ ਖ਼ੁਦਾ ਨੇ ਵੀ ਨਹੀਂ ਦਿੱਤੀ)। ਗੈਰਕੌਮਾਂ ਦਾ ਸੱਚੇ ਖ਼ੁਦਾ ਨੂੰ ਕਬੂਲ ਕਰਨ, ਯਹੂਦੀਆਂ ਦੇ ਨਾਲ ਰਲਣ ਅਤੇ ਖ਼ੁਦਾ ਦੇ ਲੋਕਾਂ ਇਸਰਾਏਲੀਆਂ ਦਾ ਭਾਗ ਬਣਨ ਲਈ ਹਮੇਸ਼ਾ ਤੋਂ ਸਵਾਗਤ ਕੀਤਾ ਗਿਆ। ਪਰ ਇਸ ਤੱਥ ਨਾਲ ਯਹੂਦੀਆਂ ਨੂੰ ਕਦੇ ਵੀ ਮੂਸਾ ਦੀ ਸ਼ਰ੍ਹਾ ਦੀਆਂ ਗੱਲਾਂ ਨੂੰ ਜ਼ਬਰਦਸਤੀ ਮਨਵਾਉਣ ਦੀ ਇਜਾਜ਼ਤ ਨਹੀਂ ਮਿਲੀ। [16]''ਉਹ ਸਭ ਜਿਹੜੇ ਆਪਣੇ ਆਪ ਨੂੰ ਖ਼ੁਦਾ ਦੀ ਸ਼ਰ੍ਹਾ ਨੂੰ ਜਾਣਨ ਵਾਲੇ ਅਤੇ ਮੰਨਣ ਵਾਲੇ ਮੰਨਦੇ ਸਨ, ਉਨ੍ਹਾਂ ਮਜਿਸਟ੍ਰੇਟਾਂ ਅਤੇ ਨਿਆਈਆਂ ਦੇ ਅਧਿਕਾਰ ਖੇਤਰ ਵਿਚ ਆਉਂਦੇ ਸਨ ਜਿਨ੍ਹਾਂ ਨੂੰ ਅਜ਼ਰਾ ਨੇ ਨਿਯੁਕਤ ਕੀਤਾ ਸੀ। ਇਸ ਵਿਚ ਫਰਾਤ ਤੋਂ ਪਾਰ [ਗ੍ਰੇਟਰ ਸੀਰੀਆ] ਦੇ ਸਾਰੇ ਯਹੂਦੀ ਆਉਂਦੇ ਸਨ'' (ਸੋਵਿੱਲ, 104)। [17]ਲੇਸਲੀ ਸੀ. ਐਲਨ ਐਂਡ ਤਿਮੋਥੀ ਐੱਸ. ਲੇਨਿਆਕ, *ਅਜ਼ਰਾ, ਨਹਮਯਾਹ, ਅਸਤਰ*, ਨਿਊ ਇੰਟਰਨੈਸ਼ਨਲ ਬਾਈਬਲ ਕਮੈਂਟਰੀ (ਪੀਬੌਡੀ, ਮੈਸਾਚੁਸੇਟਸ: ਹੈਂਡ੍ਰਿਕਸਨ ਪਬਲੀਸ਼ਰਜ਼, 2003), 59. [18]ਉਦਾਹਰਣ ਲਈ ਜੌਨ ਅਤੇ ਚਾਰਲਸ ਵੈਸਲੀ, ਚਰਚ ਆਫ਼ ਇੰਗਲੈਂਡ ਵਿਚ ਸੁਧਾਰ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਜਦ ਉਨ੍ਹਾਂ ਨੇ 1740 ਦੇ ਦਹਾਕੇ ਵਿਚ ਮੈਥੋਡਿਸਿਟ ਚਰਚ ਦੀ ਸ਼ੁਰੂਆਤ ਕਰਨ ਵਿਚ ਮਦਦ ਕੀਤੀ। [19]ਵਿਲੀਅਮ ਪੀ. ਮੈੱਕੇ, ''ਵੀ

ਪ੍ਰੇਜ਼ ਦੀ, ਓ ਗੋਡ,'' *ਸੌਂਗਜ਼ ਆਫ਼ ਦ ਚਰਚ*, ਸੰਕਲਨ ਅਤੇ ਸੰਪਾਦਨ ਆਲਟਨ ਐੱਚ. ਹੌਵਰਡ (ਵੈਸਟ ਮੋਨਰੋ, ਲੁਈਸਿਆਨਾ: ਹੌਵਰਡ ਪਬਲੀਸ਼ਿੰਗ ਕੰ., 1977)। [20]ਅਸਤਰ ਦੀ ਕਿਤਾਬ ਵਿਚ ਜਿਨ੍ਹਾਂ ਘਟਨਾਵਾਂ ਬਾਰੇ ਅਸੀਂ ਪੜ੍ਹਦੇ ਹਾਂ, ਉਹ ਸਮੇਂ ਦੇ ਇਸ ਕਾਲ ਦੌਰਾਨ ਫ਼ਾਰਸ ਵਿਚ ਵਾਪਰੀਆਂ।

[21]ਇਸ ਸੂਚੀ ਵਿਚ ਕੁਝ ਪੀੜ੍ਹੀਆਂ ਛੁੱਟ ਗਈਆਂ ਹਨ। [22]ਯਹੂਦੀ ਪਰੰਪਰਾ ਮੁਤਾਬਕ ਵੀ ਅਜ਼ਰਾ ਅਤੇ ਉਸ ਨਾਲ ਜੁੜੇ ਗ੍ਰੰਥੀਆਂ ਨੂੰ ਕਿਤਾਬਾਂ, ਜਿਨ੍ਹਾਂ ਨੂੰ ਅਸੀਂ ਪੁਰਾਣਾ ਨੇਮ ਆਖਦੇ ਹਾਂ ਇਕੱਠੀਆਂ ਕਰਨ ਵਾਲੇ ਮੰਨਿਆ ਜਾਂਦਾ ਹੈ।